ਸ'ਚ ਦੀ ਉਭਰਦੀ ਆਵਾਜ਼

ਰੋਜ਼ਾਨਾ ਪੰਜ ਆਬ

www.5aab.media
Rojana 5aab
Sach di ubhardi awaz

ਸੰਪਾਦਕ - ਮਨਜੀਤ ਸਿੰਘ ਭੋਗਲ ਸਹਿ ਸੰਪਾਦਕ - ਡਾ. ਸੁਰਜੀਤ ਸਿੰਘ ਜਰਮਨੀ

• ਜਰਮਨੀ • ਭਾਰਤ • ਸੋਮਵਾਰ 2 ਜੂਨ 2025 • ਸਾਲ 1 • ਅੰਕ 59 • ਪੰਨੇ 8 • Daily online PANJ AAB Newspaper • Germany & India • www.5aab.media

# ਅੰਮ੍ਰਿਤਸਰ ਵਿੱਚ ਜੀਵਨ ਫੌਜੀ ਵੱਲੋਂ ਚਲਾਏ ਜਾ ਰਹੇ ਬੀਕੇਆਈ ਅੱਤਵਾਦੀ ਮਾਡਿਊਲ ਦਾ ਪਰਦਾਫਾਸ਼; ਪਿਸਤੌਲ ਸਮੇਤ ਦੋ ਸਾਥੀ ਕਾਬੂ

## ਰਿਕਵਰੀ ਆਪਰੇਸ਼ਨ ਦੌਰਾਨ ਜਵਾਬੀ ਗੋਲੀਬਾਰੀ ਵਿੱਚ ਜ਼ਖਮੀ ਹੋਇਆ ਦੋਸ਼ੀ ਗੁਰਲਾਲ: ਸੀਪੀ ਅੰਮ੍ਰਿਤਸਰ ਗੁਰਪ੍ਰੀਤ ਭੁੱਲਰ





**ਚੰਡੀਗੜ੍ਹ/ਅੰਮ੍ਰਿਤਸਰ** - ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਵਿੱਢੀ ਮੁਹਿੰਮ ਦੌਰਾਨ, ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਨੇ ਪਾਕਿਸਤਾਨ ਦੇ ਆਈਐਸਆਈ-ਸਮਰਥਿਤ ਬੱਬਰ ਖਾਲਸਾ ਇੰਟਰਨੈਸ਼ਨਲ (ਬੀਕੇਆਈ) ਦੇ ਸੰਚਾਲਕ ਜੀਵਨ ਫੌਜੀ ਦੇ ਦੋ ਸਾਥੀਆਂ ਨੂੰ ਗ੍ਰਿਫਤਾਰ ਕਰਕੇ ਉਸ ਵੱਲੋਂ ਚਲਾਏ ਜਾ ਰਹੇ ਅੱਤਵਾਦੀ ਅਤੇ ਜਬਰੀ ਵਸੂਲੀ ਮਾਡਿਊਲ ਦੇ ਸਫਲਤਾਪੂਰਵਕ ਪਰਦਾਫਾਸ਼ ਕੀਤਾ ਹੈ। ਇਹ ਜਾਣਕਾਰੀ ਅੱਜ ਇੱਥੇ ਡਾਇਰੈਕਟਰ ਜਨਰਲ ਆਫ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ।

ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਤਰਨਤਾਰਨ ਦੇ ਵੈਰੋਵਾਲ ਦੇ ਕਾਰਜਪ੍ਰੀਤ ਸਿੰਘ ਉਰਫ਼ ਕਾਰਜ (23) ਅਤੇ ਤਰਨਤਾਰਨ ਦੇ ਗੋਇੰਦਵਾਲ ਸਾਹਿਬ ਦੇ ਗੁਰਲਾਲ ਸਿੰਘ ਉਰਫ਼ ਹਰਮਨ (23) ਵਜੋਂ ਹੋਈ ਹੈ। ਪੁਲਿਸ ਟੀਮਾਂ ਨੇ ਉਨ੍ਹਾਂ ਕੋਲੋਂ .30 ਬੋਰ ਦੇ ਪਿਸਤੌਲ ਸਮੇਤ ਇੱਕ ਜ਼ਿੰਦਾ ਕਾਰਤੂਸ ਬਰਾਮਦ ਕਰਨ ਤੋਂ ਇਲਾਵਾ ਅਪਰਾਧ ਵਿੱਚ ਵਰਤਿਆ ਗਿਆ ਮੋਟਰਸਾਈਕਲ ਵੀ ਜ਼ਬਤ ਕੀਤਾ ਹੈ।

ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਜੀਵਨ ਫੌਜੀ - ਇੱਕ ਸਰਗਰਮ ਬੀਕੇਆਈ ਮੈਂਬਰ ਹੈ ਜੋ ਪੰਜਾਬ ਦੇ ਸਰਹੱਦੀ ਜ਼ਿਲ੍ਹਿਆਂ ਵਿੱਚ ਵਿਅਕਤੀਆਂ ਨੂੰ ਨਿਸ਼ਾਨਾ ਬਣਾ ਕੇ ਜਬਰੀ ਵਸੂਲੀ ਦਾ ਰੈਕੇਟ ਚਲਾ ਰਿਹਾ ਹੈ।

ਉਨ੍ਹਾਂ ਦੱਸਿਆ ਕਿ ਜੀਵਨ ਫੌਜੀ ਨੇ ਕਾਰਜਪ੍ਰੀਤ ਅਤੇ ਗੁਰਲਾਲ ਨੂੰ .30 ਬੋਰ ਦਾ ਪਿਸਤੌਲ ਮੁਹੱਈਆ ਕਰਵਾਇਆ ਸੀ ਅਤੇ ਉਨ੍ਹਾਂ ਨੂੰ ਅੰਮ੍ਰਿਤਸਰ ਖੇਤਰ ਵਿੱਚ ਇੱਕ ਫਰਨੀਚਰ ਦੀ ਦੁਕਾਨ 'ਤੇ ਗੋਲੀਬਾਰੀ ਕਰਨ ਦਾ ਨਿਰਦੇਸ਼ ਦਿੱਤਾ ਸੀ। ਉਨ੍ਹਾਂ ਦੱਸਿਆ ਕਿ ਇਹ ਗੋਲੀਬਾਰੀ ਜਬਰੀ ਵਸੂਲੀ ਦੀ ਕੋਸ਼ਿਸ਼ ਦਾ ਹਿੱਸਾ ਸੀ, ਜਿਸ ਵਿੱਚ ਜੀਵਨ ਫੌਜੀ ਨੇ ਕੈਨੇਡਾ ਸਥਿਤ ਦੁਕਾਨ ਮਾਲਕ ਦੇ ਰਿਸ਼ਤੇਦਾਰ ਤੋਂ ਫਿਰੌਤੀ ਦੀ ਮੰਗ ਕੀਤੀ ਸੀ।

ਡੀਜੀਪੀ ਨੇ ਦੱਸਿਆ ਕਿ ਇਸ ਅੱਤਵਾਦੀ ਨੈੱਟਵਰਕ ਦਾ ਮੁਕੰਮਲ ਤੌਰ 'ਤੇ ਪਰਦਾਫਾਸ਼ ਕਰਨ ਲਈ ਇਸ ਮਾਮਲੇ ਦੇ ਅਗਲੇ-ਪਿਛਲੇ ਸਬੰਧ ਸਥਾਪਤ ਕਰਨ ਵਾਸਤੇ ਹੋਰ ਜਾਂਚ ਜਾਰੀ ਹੈ।

ਇਸ ਆਪਰੇਸ਼ਨ ਬਾਰੇ ਜਾਣਕਾਰੀ ਦਿੰਦਿਆਂ ਪੁਲਿਸ ਕਮਿਸ਼ਨਰ (ਸੀਪੀ) ਅੰਮ੍ਰਿਤਸਰ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਖੁਫੀਆ ਜਾਣਕਾਰੀ ਦੇ ਆਧਾਰ 'ਤੇ ਚਲਾਏ ਆਪਰੇਸ਼ਨ ਦੌਰਾਨ ਦੋਵਾਂ ਮੁਲਜ਼ਮਾਂ ਨੂੰ ਤਰਨਤਾਰਨ ਅਤੇ ਫਾਜ਼ਿਲਕਾ ਦੇ ਇਲਾਕਿਆਂ ਤੋਂ ਗ੍ਰਿਫ਼ਤਾਰ ਕੀਤਾ ਗਿਆ ਹੈ।

ਉਨ੍ਹਾਂ ਦੱਸਿਆ ਕਿ ਸੁਲਤਾਨਵਿੰਡ ਇਲਾਕੇ ਵਿੱਚ ਫਾਲੋ-ਅੱਪ ਰਿਕਵਰੀ ਆਪਰੇਸ਼ਨ ਦੌਰਾਨ, ਦੋਸ਼ੀ ਗੁਰਲਾਲ ਸਿੰਘ ਨੇ ਛੁਪਾਇਆ ਹੋਇਆ ਹਥਿਆਰ ਬਰਾਮਦ ਕੀਤਾ ਅਤੇ ਪੁਲਿਸ ਪਾਰਟੀ 'ਤੇ ਗੋਲੀ ਚਲਾਉਣ ਦੀ ਕੋਸ਼ਿਸ਼ ਕੀਤੀ। ਪੁਲਿਸ ਪਾਰਟੀ ਨੇ ਸਵੈ-ਰੱਖਿਆ (ਬਾਕੀ 2 ਤੇ)

## ਵਿਜੀਲੈਂਸ ਜਾਂਚ 'ਚ ਹੋਇਆ ਖੁਲਾਸਾ

# MLA ਦੇ ਇਸ਼ਾਰੇ 'ਤੇ ਇੰਸਪੈਕਟਰ ਹਰਪ੍ਰੀਤ ਕੌਰ ਨੇ ATP ਬਣ ਕੀਤੀ ਕਰੋੜਾਂ ਦੀ ਵਸੂਲੀ





**ਜਲੰਧਰ - (ਬਾਠ) :** ਜਲੰਧਰ ਨਗਰ ਨਿਗਮ ਦੀ ਇੰਸਪੈਕਟਰ ਹਰਪ੍ਰੀਤ ਕੌਰ ਦਾ ਨਾਂ ਵਿਧਾਇਕ ਰਮਨ ਅਰੋੜਾ ਦੇ ਗੈਰ-ਕਾਨੂੰਨੀ ਜਾਇਦਾਦ ਰੈਕੇਟ ਨਾਲ ਜੁੜਨ ਤੋਂ ਬਾਅਦ ਨਵੇਂ ਖੁਲਾਸੇ ਸਾਹਮਣੇ ਆਉਣੇ ਸ਼ੁਰੂ ਹੋ ਗਏ ਹਨ। ਵਿਜੀਲੈਂਸ ਜਾਂਚ 'ਚ ਖੁਲਾਸਾ ਹੋਇਆ ਹੈ ਕਿ ਹਰਪ੍ਰੀਤ ਕੌਰ ਨੇ ਆਪਣੇ ਅਹੁਦੇ ਦੀ ਦੁਰਵਰਤੋਂ ਕੀਤੀ ਤੇ ਆਪਣੇ ਆਪ ਨੂੰ ATP (ਸਹਾਇਕ ਟਾਊਨ ਪਲੈਨਰ) ਦੱਸ ਕੇ ਲੋਕਾਂ ਨੂੰ ਡਰਾਇਆ-ਧਮਕਾਇਆ ਤੇ ਉਨ੍ਹਾਂ ਤੋਂ ਗੈਰ-ਕਾਨੂੰਨੀ ਤੌਰ 'ਤੇ ਵੱਡੀ ਰਕਮ ਵਸੂਲੀ।

ਦੋਸ਼ ਹੈ ਕਿ ਉਸ ਨੇ ਇਹ ਸਭ ਵਿਧਾਇਕ ਰਮਨ ਅਰੋੜਾ ਦੇ ਇਸ਼ਾਰੇ 'ਤੇ ਕੀਤਾ। ਨਗਰ ਨਿਗਮ ਵਿਚ ਇੰਸਪੈਕਟਰ ਵਜੋਂ ਕੰਮ ਕਰਨ ਵਾਲੀ ਹਰਪ੍ਰੀਤ ਕੌਰ ਆਪਣੇ ਆਪ ਨੂੰ ਏਟੀਪੀ ਦੱਸ ਕੇ ਬਿਲਡਿੰਗ ਮਾਲਕਾਂ ਨੂੰ ਧਮਕਾਉਂਦੀ ਸੀ ਤੇ ਜਾਅਲੀ ਨੋਟਿਸ ਭੇਜ ਕੇ ਪੈਸੇ ਵਸੂਲਦੀ ਸੀ। ਵਿਜੀਲੈਂਸ ਜਾਂਚ 'ਚ ਖੁਲਾਸਾ ਹੋਇਆ ਹੈ ਕਿ ਉਸ ਨੇ ਨੋਟਿਸਾਂ ਰਾਹੀਂ ਦਰਜਨਾਂ ਇਮਾਰਤਾਂ ਦੇ ਮਾਲਕਾਂ ਤੋਂ ਲੱਖਾਂ ਰੁਪਏ ਵਸੂਲਣ ਲਈ ਅਰੋੜਾ ਦੇ ਪ੍ਰਭਾਵ ਦੀ ਵਰਤੋਂ ਕੀਤੀ। ਇਸ ਨਾਲ ਸਬੰਧਤ ਇਕ ਮਾਮਲਾ ਦੁੱਗਲ ਬੇਕਰੀ ਦੇ ਮਾਲਕ ਵੱਲੋਂ ਸਾਹਮਣੇ ਆਇਆ ਸੀ, ਜਿਸ ਵਿਚ ਉਸ ਨੇ ਸ਼ਿਕਾਇਤ ਕੀਤੀ ਸੀ ਕਿ ਹਰਪ੍ਰੀਤ ਨੇ ਅਰੋੜਾ ਦੇ ਨਿਰਦੇਸ਼ਾਂ 'ਤੇ ਉਸ ਤੋਂ 3 ਲੱਖ ਰੁਪਏ ਦੀ ਮੰਗ ਕੀਤੀ ਸੀ। ਜਦੋਂ ਉਹ 2.5 ਲੱਖ ਰੁਪਏ ਦੇਣ ਗਿਆ ਤਾਂ ਉਸਨੂੰ ਕਿਹਾ ਗਿਆ ਕਿ ਕੰਮ ਦੀ ਕੀਮਤ 5 ਲੱਖ ਰੁਪਏ ਹੈ, ਪਰ ਸੈਟਿੰਗ 3 ਲੱਖ ਰੁਪਏ 'ਚ ਕੀਤੀ ਜਾਵੇਗੀ। ਮੌਕੇ 'ਤੇ ਹੀ ਉਸ ਨੂੰ 50,000 ਰੁਪਏ ਹੋਰ ਦੇਣ ਲਈ ਕਿਹਾ ਗਿਆ ਤੇ ਪੂਰੇ 3 ਲੱਖ ਰੁਪਏ ਇਕੱਠੇ ਕਰ ਲਏ ਗਏ। ਦੱਸਿਆ ਜਾ ਰਿਹਾ ਹੈ ਕਿ ਵਿਜੀਲੈਂਸ ਵੱਲੋਂ ਪੁੱਛਗਿੱਛ ਦੌਰਾਨ ਹਰਪ੍ਰੀਤ ਨੇ ਮੰਨਿਆ ਹੈ ਕਿ ਉਸਨੇ ਇਕ ਦਰਜਨ ਤੋਂ ਵੱਧ ਇਮਾਰਤਾਂ ਤੋਂ ਗੈਰ-ਕਾਨੂੰਨੀ ਪੈਸਾ ਇਕੱਠਾ ਕੀਤਾ ਸੀ ਤੇ ਇਹ ਰਕਮ ਸਿੱਧੇ ਰਮਨ ਅਰੋੜਾ ਨੂੰ ਭੇਜੀ ਜਾਂਦੀ ਸੀ। ਹਾਲਾਂਕਿ ਵਿਜੀਲੈਂਸ ਨੇ ਇਸ ਬਾਰੇ ਅਧਿਕਾਰਤ ਤੌਰ 'ਤੇ ਕੁਝ ਨਹੀਂ ਕਿਹਾ ਹੈ ਪਰ ਜਾਂਚ 'ਚ ਇਹ ਸਪੱਸ਼ਟ ਹੁੰਦਾ ਜਾ ਰਿਹਾ ਹੈ ਕਿ ਇਹ ਸਾਰਾ ਨੈੱਟਵਰਕ ਯੋਜਨਾਬੱਧ ਤਰੀਕੇ ਨਾਲ ਚਲਾਇਆ (ਬਾਕੀ 2 ਤੇ)

# ਕੁੱਲੂ ਹਾਦਸੇ ਵਿੱਚ ਸੱਸ ਤੇ ਨੂੰਹ ਦੀ ਮੌਤ

## ਮਨੀਕਰਨ ਤੋਂ ਆ ਰਹੇ ਪੰਜਾਬ ਦੇ ਸ਼ਰਧਾਲੂਆਂ ਤੇ ਡਿੱਗਿਆ ਦਰਖਤ

**ਕੁੱਲੂ।** ਤੇਜ਼ ਹਨੇਰੀ ਕਾਰਨ ਹਿਮਾਚਲ ਪ੍ਰਦੇਸ਼ ਦੇ ਕੁੱਲੂ ਜ਼ਿਲ੍ਹੇ ਦੀ ਮਨੀਕਰਨ ਘਾਟੀ ਵਿੱਚ ਸੁਮਰੋਪਾ ਦੀ ਪਾਰਵਤੀ ਨਦੀ ਵਿੱਚ ਇੱਕ ਦਰੱਖਤ ਡਿੱਗਣ ਨਾਲ ਦੋ ਯਾਤਰੀ ਔਰਤਾਂ ਜ਼ਖਮੀ ਹੋ ਗਈਆਂ। ਇਹ ਘਟਨਾ ਸ਼ਨੀਵਾਰ ਦੁਪਹਿਰ ਨੂੰ ਵਾਪਰੀ। ਦੋਵਾਂ ਔਰਤਾਂ ਨੂੰ ਇਲਾਜ ਲਈ ਭੁੰਤਰ ਦੇ ਇੱਕ ਨਿੱਜੀ ਹਸਪਤਾਲ ਲਿਜਾਇਆ ਗਿਆ। ਜਿੱਥੇ ਇਲਾਜ ਦੌਰਾਨ ਉਹਨਾਂ ਦੀ ਮੌਤ ਹੋ ਗਈ। ਦੱਸਿਆ ਜਾ ਰਿਹਾ ਹੈ ਕਿ ਯਾਤਰੀ ਸੁਮਰੋਪਾ ਨੇੜੇ ਨਦੀ ਵਿੱਚ ਉਤਰ ਗਏ ਸਨ। ਇਸ ਦੌਰਾਨ ਤੂਫਾਨ ਕਾਰਨ ਨਦੀ ਦੇ ਕੰਢੇ 'ਤੇ ਇੱਕ ਵੱਡਾ ਕਾਇਲ ਦਾ ਦਰੱਖਤ ਡਿੱਗ ਗਿਆ। ਦੋ ਸੈਲਾਨੀ ਔਰਤਾਂ ਇਸ ਦੀ ਲਪੇਟ ਵਿੱਚ ਆ ਗਈਆਂ। ਏਐਸਪੀ ਕੁੱਲੂ ਸੰਜੀਵ ਚੌਹਾਨ ਨੇ ਦੱਸਿਆ ਕਿ ਦੋਵਾਂ ਔਰਤਾਂ ਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ ਹੈ ਪਰ ਇਲਾਜ ਦੌਰਾਨ ਉਹਨਾਂ ਦੀ ਮੌਤ ਹੋ ਗਈ। ਮ੍ਰਿਤਕ ਮਹਿਲਾ ਦੀ ਪਹਿਚਾਣ ਅਵਿਨਾਸ਼ ਕੌਰ ਅਤੇ ਨਿਸ਼ੂ ਵਰਮਾ ਵਜੋਂ ਹੋਈ ਹੈ। ਜੋ ਕਿ ਪੰਜਾਬ ਦੇ ਲੁਧਿਆਣਾ ਦੀ ਰਹਿਣ ਵਾਲੀਆਂ ਸਨ। ਉਧਰ ਪਰਿਵਾਰਿਕ ਮੈਂਬਰਾਂ ਨੇ ਗੱਲਬਾਤ ਦੌਰਾਨ ਕਿਹਾ ਕਿ ਕੱਲ ਢਾਈ ਵਜੇ ਦੇ ਕਰੀਬ ਇਹ ਹਾਦਸਾ ਹੋਇਆ ਉਹਨਾਂ ਕਿਹਾ ਕਿ ਨਿਸ਼ੂ ਦੇ ਪਤੀ ਰਾਜਨ ਵਰਮਾ ਆਰਕੀਟੈਕਟ ਦਾ ਕੰਮ ਕਰਦੇ ਨੇ ਅਤੇ ਇਹਨਾਂ ਦੇ ਦੋ ਬੱਚੇ ਨੇ ਉਹਨਾਂ ਕਿਹਾ ਕਿ ਇਹ ਖਬਰ ਸੁਣਨ ਤੋਂ ਬਾਅਦ ਉਹਨਾਂ ਦੇ ਪਰਿਵਾਰ ਵਿੱਚ ਮਾਤਮ ਛਾਇਆ ਹੈ ਉਹਨਾਂ ਕਿਹਾ ਕਿ ਦੋਵਾਂ ਦਾ ਹੀ ਅੰਤਿਮ ਸੰਸਕਾਰ ਇਕੱਠਿਆ ਕੀਤਾ ਜਾਵੇਗਾ।

# ਅਮਨਦੀਪ ਕੌਰ ਬਣੇ 'ਆਪ' ਦੇ ਮਹਿਲਾ ਵਿੰਗ ਪ੍ਰਧਾਨ

## ਪ੍ਰੀਤੀ ਮਲਹੋਤਰਾ ਨੂੰ ਇਸ ਅਹੁਦੇ ਤੋਂ ਹਟਾਇਆ

**ਚੰਡੀਗੜ੍ਹ।** ਆਮ ਆਦਮੀ ਪਾਰਟੀ ਨੇ ਅਮਨਦੀਪ ਕੌਰ ਨੂੰ ਮਹਿਲਾ ਵਿੰਗ ਦੀ ਸੂਬਾ ਪ੍ਰਧਾਨ ਨਿਯੁਕਤ ਕੀਤਾ ਹੈ। ਜਦੋਂ ਕਿ ਪ੍ਰੀਤੀ ਮਲਹੋਤਰਾ ਨੂੰ ਇਸ ਅਹੁਦੇ ਤੋਂ ਹਟਾ ਦਿੱਤਾ ਗਿਆ ਹੈ। ਉਹ ਆਪਣੀ ਪਾਰਟੀ ਵਿਰੁੱਧ ਧਰਨੇ 'ਤੇ ਬੈਠੀ ਹੈ। ਇਸਨੂੰ ਸਾਲ 2027 ਦੀਆਂ ਵਿਧਾਨ ਸਭਾ ਚੋਣਾਂ ਦੀ ਤਿਆਰੀ ਨਾਲ ਜੋੜਿਆ ਜਾ ਰਿਹਾ ਹੈ। ਪਾਰਟੀ ਹੁਣ ਕਿਸੇ ਵੀ ਤਰ੍ਹਾਂ ਦੀ ਢਿੱਲ ਬਰਦਾਸ਼ਤ ਕਰਨ ਦੇ ਮੂਡ ਵਿੱਚ ਨਹੀਂ ਹੈ। ਇਸ ਤੋਂ ਪਹਿਲਾਂ ਵੀ ਪਾਰਟੀ ਨੇ ਕਈ ਅਹੁਦਿਆਂ 'ਤੇ ਨਿਯੁਕਤੀਆਂ ਕੀਤੀਆਂ ਸਨ।

ਦਰਅਸਲ, ਅੱਜ ਆਮ ਆਦਮੀ ਪਾਰਟੀ ਦੇ ਵਰਕਰਾਂ ਨੇ ਪਟਿਆਲਾ ਵਿੱਚ ਵਿਰੋਧ ਪ੍ਰਦਰਸ਼ਨ ਕੀਤਾ ਸੀ। ਇਸ ਵਿਰੋਧ ਪ੍ਰਦਰਸ਼ਨ ਦੀ ਅਗਵਾਈ ਪ੍ਰੀਤੀ ਮਲਹੋਤਰਾ ਨੇ ਕੀਤੀ। ਮੀਡੀਆ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਸੀ ਕਿ ਪਾਰਟੀ ਵਿੱਚ ਬਾਹਰੀ ਲੋਕਾਂ ਨੂੰ ਕਮਾਨ ਸੌਂਪੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਇੱਕ ਪ੍ਰਤੀਕਾਤਮਕ ਵਿਰੋਧ ਸੀ। ਇਸ ਤੋਂ ਬਾਅਦ, ਪੂਰੇ ਪੰਜਾਬ ਵਿੱਚ ਵਿਰੋਧ ਪ੍ਰਦਰਸ਼ਨ ਹੋਣਗੇ, ਜਦੋਂ ਕਿ ਸਥਾਨਕ ਵਰਕਰਾਂ ਨੂੰ ਅਣਗੌਲਿਆ ਕੀਤਾ ਜਾ ਰਿਹਾ ਹੈ। ਦੂਜਾ, ਇੱਕ ਇਲਜ਼ਾਮ ਇਹ ਵੀ ਹੈ ਕਿ ਉਹ ਪੂਰੇ ਪੰਜਾਬ ਦੇ ਲੋਕਾਂ ਨਾਲ ਜੁੜ ਨਹੀਂ ਸਕੀ। ਇਸ ਦੇ ਨਾਲ ਹੀ, ਪਾਰਟੀ 2027 ਵਿੱਚ ਕਿਸੇ ਵੀ ਤਰ੍ਹਾਂ ਦੀ ਢਿੱਲ ਨਹੀਂ ਦੇਣਾ ਚਾਹੁੰਦੀ। ਇਸ ਤੋਂ ਬਾਅਦ ਪਾਰਟੀ ਨੇ ਉਨ੍ਹਾਂ ਨੂੰ ਅਹੁਦੇ ਤੋਂ ਹਟਾ ਦਿੱਤਾ ਹੈ। ਦਿੱਲੀ ਚੋਣਾਂ ਵਿੱਚ (ਬਾਕੀ 2 ਤੇ)

## ਵਿਆਹੁਤਾ ਨੂੰ ਸੁਪਰੀਮ ਕੋਰਟ ਤੋਂ ਝਟਕਾ

# 'ਵਿਆਹ ਦਾ ਝਾਂਸਾ ਦੇ ਕੇ ਰੇਪ ਦਾ ਸਵਾਲ ਹੀ ਨਹੀਂ'



**ਨਵੀਂ ਦਿੱਲੀ :** ਸੁਪਰੀਮ ਕੋਰਟ ਨੇ 25 ਸਾਲਾ ਵਿਦਿਆਰਥੀ ਖਿਲਾਫ਼ ਜਬਰ ਜਨਾਹ ਦੇ ਮਾਮਲੇ ਨੂੰ ਖਾਰਜ ਕਰ ਦਿੱਤਾ। ਅਦਾਲਤ ਨੇ ਕਿਹਾ ਕਿ ਜਿਸ ਔਰਤ ਨੇ ਇਲਜ਼ਾਮ ਲਗਾਏ ਹਨ, ਉਸਦਾ ਮੁਲਜ਼ਮ ਨਾਲ ਵਿਆਹ ਬਾਹਰੀ ਰਿਸ਼ਤਾ ਸੀ। ਅਦਾਲਤ ਨੇ ਇਹ ਵੀ ਕਿਹਾ ਕਿ ਇਸ ਰਿਸ਼ਤੇ ਦੌਰਾਨ ਔਰਤ ਨੇ ਆਪਣੇ ਪਤੀ ਤੋਂ ਤਲਾਕ ਨਹੀਂ ਲਿਆ ਸੀ।

ਨਾਲ ਹੀ ਸੁਪਰੀਮ ਕੋਰਟ ਨੇ ਬੰਬੇ ਹਾਈ ਕੋਰਟ ਦਾ ਉਹ ਹੁਕਮ ਖਾਰਜ ਕਰ ਦਿੱਤਾ, ਜਿਸ ਵਿਚ ਮੁਲਜ਼ਮ ਨੇ ਆਪਣੇ ਖ਼ ?ਲਾਫ਼ ਦਰਜ ਕੀਤੀ ਐਫਆਈਆਰ ਰੱਦ ਕਰਨ ਦੀ ਅਪੀਲ ਕੀਤੀ ਸੀ ਤੇ ਹਾਈ ਕੋਰਟ ਨੇ ਇਸਨੂੰ ਖਾਰਜ ਕਰ ਦਿੱਤਾ ਸੀ। ਸੁਪਰੀਮ ਕੋਰਟ ਨੇ ਕਿਹਾ ਕਿ ਇਸ ਵਿਚ ਵਿਆਹ ਦਾ ਝਾਂਸਾ ਦੇ ਕੇ ਜਬਰ ਜਨਾਹ ਦਾ ਮਾਮਲਾ ਨਹੀਂ ਬਣਦਾ।

ਇਕ ਔਰਤ ਨੇ ਇਲਜ਼ਾਮ ਲਗਾਇਆ ਕਿ ਉਹ ਆਪਣੇ 4 ਸਾਲ ਦੇ ਪੁੱਤ ਤੇ ਪਤੀ ਨਾਲ ਜਿਸ ਥਾਂ ਰਹਿੰਦੀ ਸੀ, ਉਥੇ ਮੁਲਜ਼ਮ ਜੋ ਉਸ ਸਮੇਂ ਕਾਲਜ ਵਿਚ ਪੜ੍ਹਦਾ ਸੀ, ਆਪਣੇ ਕੁਝ ਦੋਸਤਾਂ ਨਾਲ ਰਹਿੰਦਾ ਸੀ। ਇਸ ਦੌਰਾਨ ਔਰਤ ਤੇ ਮੁਲਜ਼ਮ ਦੀ ਜਾਣ-ਪਛਾਣ ਹੋ ਗਈ ਅਤੇ ਦੋਹਾਂ ਵਿਚਾਲੇ ਸਰੀਰਕ ਸੰਬੰਧ ਬਣੇ।

ਔਰਤ ਨੇ ਦੋਸ਼ ਲਗਾਇਆ ਕਿ ਵਿਅਕਤੀ ਨੇ ਪਹਿਲਾਂ ਉਸ ਨਾਲ ਵਿਆਹ ਦਾ ਵਾਅਦਾ ਕੀਤਾ ਤੇ ਕਈ ਵਾਰੀ ਸੰਬੰਧ ਬਣਾਏ। ਪਰ ਬਾਅਦ 'ਚ ਵਿਆਹ ਤੋਂ ਇਨਕਾਰ ਕਰ ਦਿੱਤਾ। ਸਤਾਰਾ ਦੇ ਪੁਲਿਸ ਸਟੇਸ਼ਨ 'ਚ (ਬਾਕੀ 2 ਤੇ)

# ਮੰਡੀ 'ਚ ਭਿਆਨਕ ਹਾਦਸਾ, ਪੰਜਾਬ ਦੇ 5 ਲੋਕਾਂ ਦੀ ਮੌਤ ਤੇ 1 ਜ਼ਖ਼ਮੀ



**ਮੰਡੀ:** ਐਤਵਾਰ ਸਵੇਰੇ ਮੰਡੀ ਜ਼ਿਲ੍ਹੇ ਵਿੱਚ ਆਈਆਈਟੀ ਨੇੜੇ ਨਵੇਂ ਪੁਲ 'ਤੇ ਪੰਜਾਬ ਦੇ ਲੋਕਾਂ ਦਾ ਇਕ ਵਾਹਨ ਹਾਦਸਾਗ੍ਰਸਤ ਹੋ ਗਿਆ, ਜਿਸ ਵਿੱਚ ਪੰਜ ਲੋਕਾਂ ਦੀ ਮੌਤ ਹੋ ਗਈ ਅਤੇ ਇਕ ਜ਼ਖ਼ਮੀ ਹੋ ਗਿਆ। ਪੁਲਿਸ ਨੇ ਲਾਸ਼ਾਂ ਨੂੰ ਕਬਜ਼ੇ ਵਿੱਚ ਲੈ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

ਮੁੱਢਲੀ ਜਾਣਕਾਰੀ ਅਨੁਸਾਰ, ਅੰਮ੍ਰਿਤਸਰ ਨੰਬਰ ਪੀਬੀ 02 ਈਜੀ 4543 ਵਾਲੀ ਗੱਡੀ ਆਈਆਈਟੀ ਵੱਲ ਜਾ ਰਹੀ ਸੀ, ਜਿਸ ਵਿੱਚ 6 ਲੋਕ ਸਵਾਰ ਸਨ। ਗੱਡੀ ਨਵੇਂ ਬਣੇ ਪੁਲ 'ਤੇ ਹਾਦਸਾਗ੍ਰਸਤ ਹੋਈ, ਜਿਸ ਦਾ ਅਜੇ ਉਦਘਾਟਨ ਵੀ ਨਹੀਂ ਹੋਇਆ ਸੀ। ਢਲਾਣ ਤੋਂ ਉਤਰਨ ਵੇਲੇ ਪੁਲ ? ਵੱਲ ਮੋੜਦੇ ਸਮੇਂ ਡਰਾਈਵਰ ਨੇ ਗੱਡੀ ਦਾ ਕੰਟਰੋਲ ਗੁਆ ਦਿੱਤਾ ਅਤੇ ਗੱਡੀ ਸਿੱਧੀ ਰੇਲਿੰਗ 'ਤੇ ਚੜ੍ਹ ਗਈ। ਗੱਡੀ ਵਿੱਚ ਸਵਾਰ 5 ਲੋਕ ਉਹਲ ਨਦੀ ਅਤੇ ਸੜਕ 'ਤੇ ਡਿੱਗ ਗਏ, ਜਿਸ ਕਾਰਨ ਉਨ੍ਹਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਦੱਸਿਆ ਜਾ ਰਿਹਾ ਹੈ ਕਿ ਇਹ ਗੱਡੀ ਲੁਧਿਆਣਾ ਤੋਂ ਆਈਆਈਟੀ ਕਮਾਂਡ ਵੱਲ ਟੈਂਟ ਦਾ ਸਾਮਾਨ ਲੈ ਕੇ ਜਾ ਰਹੀ ਸੀ। ਗੱਡੀ ਵਿੱਚ 6 ਵਿਅਕਤੀ ਸਵਾਰ ਸਨ, ਜਿਨ੍ਹਾਂ ਵਿੱਚੋਂ 1 ਸੁਖਵਿੰਦਰ ਸਿੰਘ ਪੁੱਤਰ (ਬਾਕੀ 2 ਤੇ)

## ਫਰੀਦਕੋਟ 'ਚ ਦਰਦਨਾਕ ਸੜਕ ਹਾਦਸਾ

# ਪੀਆਰਟੀਸੀ ਬੱਸ ਤੇ ਮੋਟਰਸਾਈਕਲ ਦੀ ਟੱਕਰ 'ਚ ਤਿੰਨ ਦੋਸਤਾਂ ਦੀ ਮੌਤ

**ਕੋਟਕਪੂਰਾ (ਫਰੀਦਕੋਟ) :** ਪਿੰਡ ਪੰਜਗਰਾਈਂ ਕਲਾਂ ਨੇੜੇ ਪੀਆਰਟੀਸੀ ਬੱਸ ਦੀ ਟੱਕਰ ਨਾਲ ਮੋਟਰਸਾਈਕਲ ਸਵਾਰ ਤਿੰਨ ਨੌਜਵਾਨਾਂ ਦੀ ਮੌਤ ਹੋ ਗਈ। ਮ੍ਰਿਤਕਾਂ ਦੀ ਪਛਾਣ ਵੰਸ਼ (19), ਲਵ (20) ਅਤੇ ਹੈਪੀ (20) ਵਜੋਂ ਹੋਈ ਹੈ, ਜੋ ਸਾਰੇ ਮੋਗਾ ਦੇ ਬਾਘਾ ਪੁਰਾਣਾ ਦੇ ਰਹਿਣ ਵਾਲੇ ਹਨ। ਇਸ ਮਾਮਲੇ ਵਿੱਚ ਕੋਟਕਪੂਰਾ ਸਦਰ ਥਾਣਾ ਪੁਲਿਸ ਨੇ ਦੋਵੇਂ ਵਾਹਨਾਂ ਨੂੰ ਕਬਜ਼ੇ ਵਿੱਚ ਲੈ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ ਅਤੇ ਤਿੰਨਾਂ ਨੌਜਵਾਨਾਂ ਦੀਆਂ ਲਾਸ਼ਾਂ ਨੂੰ ਪੋਸਟਮਾਰਟਮ ਲਈ ਫਰੀਦਕੋਟ ਦੇ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਹਸਪਤਾਲ ਭੇਜ ਦਿੱਤਾ ਗਿਆ ਹੈ।

ਬਾਘਾ ਪੁਰਾਣਾ ਦਾ ਰਹਿਣ ਵਾਲਾ ਵੰਸ਼, ਆਪਣੇ ਦੋ ਦੋਸਤਾਂ ਲਵ ਅਤੇ ਹੈਪੀ ਨਾਲ, ਐਤਵਾਰ ਸਵੇਰੇ 5:30 ਵਜੇ ਮੋਟਰਸਾਈਕਲ 'ਤੇ ਬਾਘਾ ਪੁਰਾਣਾ ਤੋਂ ਕੋਟਕਪੂਰਾ ਵੱਲ ਆ ਰਿਹਾ ਸੀ। ਜਿਵੇਂ ਹੀ ਉਹ ਪੰਜਗਰਾਈਂ ਕਲਾਂ ਨੇੜੇ ਪਹੁੰਚਿਆ, ਜੈਤੋ ਤੋਂ ਚੰਡੀਗੜ੍ਹ ਆ ਰਹੀ ਪੀਆਰਟੀਸੀ ਬੱਸ ਇੱਕ ਮੋਟਰਸਾਈਕਲ ਨਾਲ ਟਕਰਾ ਗਈ।

ਚਸ਼ਮਦੀਦਾਂ ਅਨੁਸਾਰ ਟੱਕਰ ਇੰਨੀ ਭਿਆਨਕ ਸੀ ਕਿ ਵੰਸ਼ ਅਤੇ ਲਵ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦੋਂ ਕਿ ਗੰਭੀਰ ਰੂਪ ਵਿੱਚ ਜ਼ਖਮੀ ਹੈਪੀ ਦੀ ਹਸਪਤਾਲ ਲਿਜਾਂਦੇ ਸਮੇਂ ਮੌਤ ਹੋ ਗਈ। ਇਸ ਮਾਮਲੇ ਵਿੱਚ ਪਜਾਨਗਰਾਈ ਕਲਾਂ ਥਾਣੇ ਦੇ ਇੰਚਾਰਜ (ਬਾਕੀ 2 ਤੇ)

### ਅੱਜ ਹੋਵੇਗੀ ਕੈਬਨਿਟ ਦੀ ਬੈਠਕ, ਕਈ ਵੱਡੇ ਫੈਸਲਿਆਂ ਨੂੰ ਮਿਲੇਗੀ ਪ੍ਰਵਾਨਗੀ

**ਚੰਡੀਗੜ੍ਹ।** ਪੰਜਾਬ ਦੀ ਕੈਬਨਿਟ ਦੀ ਅਹਿਮ ਮੀਟਿੰਗ ਸੋਮਵਾਰ ਨੂੰ ਦੁਪਹਿਰ 12 ਵਜੇ ਮੁੱਖ ਮੰਤਰੀ ਦੇ ਨਿਵਾਸ 'ਤੇ ਹੋਵੇਗੀ। ਏਜੰਡਾ ਜਾਰੀ ਨਹੀਂ ਹੋਇਆ, ਪਰ ਲੁਧਿਆਣਾ ਉਪ-ਚੋਣ ਤੋਂ ਪਹਿਲਾਂ ਇਸ ਨੂੰ ਮਹੱਤਵਪੂਰਨ ਮੰਨਿਆ ਜਾ ਰਿਹਾ ਹੈ। ਪਿਛਲੀ ਮੀਟਿੰਗ ਵਿੱਚ ਮਿਊਂਸਿਪਲ ਪ੍ਰਾਪਰਟੀਜ਼ ਦੇ ਨਿਯਮਾਂ ਵਿੱਚ ਸੋਧ ਕੀਤੀ ਗਈ ਸੀ, ਜਿਸ ਨਾਲ ਮਾਲੀਆ ਇਕੱਠਾ ਕਰਨ ਵਿੱਚ ਤੇਜ਼ੀ ਆਵੇਗੀ।

ਪੰਜਾਬ ਕੈਬਨਿਟ ਦੀ ਇੱਕ ਮਹੱਤਵਪੂਰਨ ਮੀਟਿੰਗ ਸੋਮਵਾਰ ਨੂੰ ਦੁਪਹਿਰ 12 ਵਜੇ ਮੁੱਖ ਮੰਤਰੀ ਭਗਵੰਤ ਮਾਨ ਦੇ ਚੰਡੀਗੜ੍ਹ ਸਥਿਤ ਸਰਕਾਰੀ ਨਿਵਾਸ 'ਤੇ ਹੋਵੇਗੀ। ਕੈਬਨਿਟ ਮੀਟਿੰਗ ਦਾ ਕੋਈ ਏਜੰਡਾ ਅਜੇ ਜਾਰੀ ਨਹੀਂ ਕੀਤਾ ਗਿਆ ਹੈ। ਲੁਧਿਆਣਾ ਪੱਛਮੀ ਵਿਧਾਨ ਸਭਾ ਹਲਕੇ ਦੀ ਉਪ ਚੋਣ ਤੋਂ ਪਹਿਲਾਂ ਇਸ ਮੀਟਿੰਗ ਨੂੰ (ਬਾਕੀ 2 ਤੇ)





ਚੈੱਕ ਗਣਰਾਜ ਦੀ ਕ੍ਰਿਸਟੀਨਾ ਪਿਸਜ਼ਕੋਵਾ ਨੇ ਹੈਦਰਾਬਾਦ ਵਿੱਚ 72ਵੀਂ ਮਿਸ ਵਰਲਡ ਪ੍ਰਤੀਯੋਗਿਤਾ ਜਿੱਤਣ ਤੋਂ ਬਾਅਦ ਥਾਈਲੈਂਡ ਦੀ ਆਪਣੀ ਉੱਤਰਾਧਿਕਾਰੀ ਓਪਲ ਸੁਚਾਤਾ ਨੂੰ ਤਾਜ ਪਹਿਨਾਇਆ।

# ਕੈਨੇਡਾ - ਆਦਮੀ ਨੇ ਜਿੱਤੀ 30 ਕਰੋੜ ਦੀ ਲਾਟਰੀ

## ਪ੍ਰੇਮਿਕਾ ਨੂੰ ਦਿੱਤੀ... ਉਹ ਦੂਜੇ ਬੁਆਏਫਰੈਂਡ ਨਾਲ ਹੋਈ ਫ਼ਰਾਰ

**ਨਵੀਂ ਦਿੱਲੀ :** ਬਹੁਤ ਸਾਰੇ ਲੋਕ ਪਿਆਰ ਵਿੱਚ ਧੋਖਾ ਖਾਂਦੇ ਹਨ, ਪਰ ਇੱਕ ਵਿਅਕਤੀ ਨੂੰ ਪਿਆਰ ਵਿੱਚ ਮਿਲਿਆ 30 ਕਰੋੜ ਰੁਪਏ ਦਾ ਧੋਖਾ। ਜੀ ਹਾਂ, ਤੁਸੀਂ ਸਹੀ ਸੁਣਿਆ ਹੈ, ਕੈਨੇਡਾ ਦੇ ਵਿਨੀਪੈਗ ਸ਼ਹਿਰ ਤੋਂ ਇੱਕ ਅਜਿਹਾ ਮਾਮਲਾ ਸਾਹਮਣੇ ਆਇਆ ਹੈ, ਜਿਸਨੂੰ ਪੜ੍ਹਨ ਤੋਂ ਬਾਅਦ ਤੁਹਾਡਾ ਪਿਆਰ ਅਤੇ ਵਫ਼ਾਦਾਰੀ ਤੋਂ ਵਿਸ਼ਵਾਸ ਉੱਠ ਜਾਵੇਗਾ। ਬੁਆਏਫ ?ਰੈਂਡ ਨੇ ਆਪਣੀ ਪ੍ਰੇਮਿਕਾ ਖਿਲਾਫ ਕੇਸ ਦਾਇਰ ਕੀਤਾ ਹੈ ਜਿਸ ਵਿੱਚ ਦੋਸ਼ ਲਗਾਇਆ ਗਿਆ ਹੈ ਕਿ ਉਸਨੇ ਲਾਟਰੀ ਟਿਕਟ ਤੋਂ 5 ਮਿਲੀਅਨ ਕੈਨੇਡੀਅਨ ਡਾਲਰ ਯਾਨੀ ਲਗਪਗ 30 ਕਰੋੜ ਰੁਪਏ ਜਿੱਤੇ ਹਨ। ਉਸਨੇ ਇਹ ਰਕਮ ਆਪਣੀ ਪ੍ਰੇਮਿਕਾ ਨੂੰ ਦੇ ਦਿੱਤੀ ਅਤੇ ਉਹ ਲਾਟਰੀ ਦੇ ਪੈਸੇ ਲੈ ਕੇ ਆਪਣੇ ਨਵੇਂ ਪ੍ਰੇਮੀ ਨਾਲ ਭੱਜ ਗਈ।

ਕੈਂਪਬੈਲ ਨੇ ਸਾਲ 2024 ਵਿੱਚ 5 ਮਿਲੀਅਨ ਕੈਨੇਡੀਅਨ ਡਾਲਰ ਯਾਨੀ ਲਗਪਗ 30 ਕਰੋੜ ਰੁਪਏ ਦੀ ਲਾਟਰੀ ਜਿੱਤੀ ਸੀ, ਉਸ ਕੋਲ ਇੱਕ ਵੈਧ ਪਛਾਣ ਪੱਤਰ ਨਹੀਂ ਸੀ। ਲਾਟਰੀ ਅਧਿਕਾਰੀਆਂ ਨੇ ਸੁਝਾਅ ਦਿੱਤਾ ਕਿ ਉਹ ਆਪਣੀ ਜਗਹਾ ਇਨਾਮ ਪ੍ਰਾਪਤ ਕਰਨ ਲਈ ਸਹੀ ਪਛਾਣ ਵਾਲੇ ਕਿਸੇ ਵਿਅਕਤੀ ਨੂੰ ਨਾਮਜ਼ਦ ਕਰੇ। ਕੈਂਪਬੈਲ ਨੇ ਆਪਣੀ ਪ੍ਰੇਮਿਕਾ, ਕ੍ਰਿਸਟਲ ਐਨ ਮੈਕੇ ਨੂੰ ਚੁਣਨ ਵਿੱਚ ਕੋਈ ਸਮਾਂ ਬਰਬਾਦ ਨਹੀਂ ਕੀਤਾ। ਕੈਂਪਬੈਲ ਕੋਲ ਬੈਂਕ ਖਾਤਾ ਵੀ ਨਹੀਂ ਸੀ, ਇਸ ਲਈ ਉਸਨੇ ਸਾਰੀ ਰਕਮ ਮੈਕੇ ਦੇ ਖਾਤੇ ਵਿੱਚ ਟ ?ਰਾਂਸਫਰ ਕਰ ਦਿੱਤੀ। ਬਾਅਦ ਵਿੱਚ, ਦੋਵਾਂ ਨੇ ਇੱਕ ਵੀਡੀਓ ਬਣਾਈ, ਵੱਡੇ ਚੈੱਕ ਨਾਲ ਇੱਕ ਫੋਟੋ ਖਿਚਵਾਈ ਅਤੇ ਇਸਨੂੰ ਕ੍ਰਿਸਟਲ ਨੂੰ ਜਨਮਦਿਨ ਦੇ ਤੋਹਫ਼ੇ ਵਜੋਂ ਭੇਟ ਕੀਤਾ।

ਪਰ ਕੁਝ ਦਿਨਾਂ ਬਾਅਦ ਦੇ ਦਿੱਤਾ ਧੋਖਾ

ਪੈਸੇ ਮਿਲਣ ਤੋਂ ਬਾਅਦ, ਕ੍ਰਿਸਟਲ ਹੌਲੀ-ਹੌਲੀ ਆਪਣੇ ਆਪ ਨੂੰ ਦੂਰ ਕਰਨ ਲੱਗ ਪਈ। ਕੈਂਪਬੈਲ ਨੂੰ ਮਹਿਸੂਸ ਹੋਇਆ ਕਿ ਕੁਝ ਗਲਤ ਹੈ। ਜਦੋਂ ਉਹ ਉਸਨੂੰ ਲੱਭਣ ਗਿਆ, ਤਾਂ ਉਸਨੂੰ ਪਤਾ ਲੱਗਾ ਕਿ ਮੈਕੀ ਹੁਣ ਕਿਸੇ ਹੋਰ ਆਦਮੀ ਨਾਲ ਰਹਿ ਰਹੀ ਸੀ ਅਤੇ ਉਸਨੇ ਆਪਣੇ ਪੁਰਾਣੇ ਬੁਆਏਫ ?ਰੈਂਡ ਨੂੰ ਹਰ ਜਗ ?ਹਾ ਤੋਂ ਬਲਾਕ ਕਰ ਦਿੱਤਾ ਸੀ। ਕੈਂਪਬੈਲ ਕਹਿੰਦਾ ਹੈ ਕਿ ਇਹ ਸਭ 'ਸਿਸਟਮ ਦੁਆਰਾ ਉਸ (ਬਾਕੀ 2 ਤੇ)

# ਮਹਾਰਾਜੇ ਦੇ ਪੁਰਖਿਆਂ ਤੋਂ ਸਾਨੂੰ ਅੰਬੇਡਕਰ ਦੇ ਸੰਵਿਧਾਨ ਨੇ ਬਚਾਇਆ : ਰਾਜਾ ਵੜਿੰਗ



**ਪਟਿਆਲਾ:** ਕਾਂਗਰਸ ਦੀ 'ਸੰਵਿਧਾਨ ਬਚਾਓ ਮੁਹਿੰਮ' ਤਹਿਤ ਕਨਵੈਂਨਸ਼ਨ ਵਿਚ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਅਜ਼ਾਦੀ ਤੋਂ ਪਹਿਲਾਂ ਸਾਡੇ ਤੇ ਰਿਆਸਤਾਂ ਦੇ ਰਾਜੇ ਰਾਜ ਕਰਦੇ ਸਨ ਤੇ ਸਾਡੇ ਪੁਰਖੇ ਉਨ੍ਹਾਂ ਦੀ ਪਰਜਾ ਸਨ, ਪਰ ਅਜ਼ਾਦੀ ਤੋਂ ਬਾਅਦ ਡਾ. ਭੀਮ ਰਾਓ ਅੰਬੇਡਕਰ ਦੇ ਸੰਵਿਧਾਨ ਨੇ ਸਾਡੇ ਗਲ ?ਾਂ ਵਿਚੋਂ ਰਾਜੇ ਮਹਾਰਾਜਿਆਂ ਦੀ ਗ਼ੁਲਾਮੀ ਦੀਆਂ ਜ਼ੰਜੀਰਾਂ ਵੱਢ ਦਿੱਤੀਆਂ ਤੇ ਪਟਿਆਲਾ ਦੇ ਮਹਾਰਾਜੇ ਵਰਗੇ ਮਹਾਰਾਜਿਆਂ ਦੇ ਪੁਰਖਿਆਂ ਦੀ ਗ਼ੁਲਾਮੀ ਤੋਂ ਸਾਨੂੰ ਡਾ. ਭੀਮ ਰਾਓ ਅੰਬੇਡਕਰ ਦੇ ਸੰਵਿਧਾਨ ਨੇ ਬਚਾਇਆ,ਜਿਸ ਨੂੰ ਆਰਐਸਐਸ ਖ਼ਤਮ ਕਰਨਾ ਚਾਹੁੰਦੀ ਹੈ। ਰਾਜਾ ਵੜਿੰਗ ਨੇ ਕਿਹਾ ਕਿ ਭਾਜਪਾ ਸਾਡੇ ਦੇਸ਼ ਨੂੰ ਫ਼ ?ਰਕਾਪ੍ਰਸਤੀ ਦੀ ਕਰੂਰਤਾ ਨਾਲ ਵੰਡਣਾ ਚਾਹੁੰਦੀ ਹੈ। ਉਹਨਾਂ ਕਿਹਾ ਕਿ ਅੱਜ ਦੀ ਕਨਵੈਂਨਸ਼ਨ ਸਾਨੂੰ ਇਹ ਸੁਨੇਹਾ ਦਿੰਦੀ ਹੈ ਕਿ ਹਰ ਹੀਲੇ ਹਰ ਕੁਰਬਾਨੀ ਦੇ ਕੇ ਉਹ ਅੰਬੇਡਕਰ ਦੇ ਸੰਵਿਧਾਨ ਨੂੰ ਬਚਾਉਣਗੇ। ਰਾਜਾ ਵੜਿੰਗ ਨੇ ਕਿਹਾ ਕਿ ਪੰਜਾਬ ਸਰਕਾਰ ਹੁਣ ਤੱਕ ਪੰਜਾਬ ਦੀ ਅਮਨ ਕਾਨੂੰਨ ਦੀ ਸਥਿਤੀ ਸਹੀ ਨਹੀਂ ਕਰ ਸਕੀ। ਪੰਜਾਬ ਕਰਜ਼ੇ ਵਿਚ ਡੁੱਬਾ ਦਿੱਤਾ ਗਿਆ ਹੈ, ਪੰਜਾਬ ਵਿਚ ਗੈਰ ਪੰਜਾਬੀ ਰਾਜ ਕਰ ਰਹੇ ਹਨ, ਜੋ ਜਿੱਥੇ ਪੰਜਾਬੀ ਦੇ ਵਿਰੋਧੀ ਹਨ ਤੇ ਉੱਥੇ ਹੀ ਪੰਜਾਬੀ ਸਭਿਆਚਾਰ ਤੇ ਪੰਜਾਬ ਦੇ ਵਿਰੋਧੀ ਵੀ ਹਨ, ਇਸ ਕਰਕੇ ਸਾਨੂੰ ਪੰਜਾਬ ਨੂੰ ਬਚਾਉਣ ਲਈ ਆਮ ਆਦਮੀ ਪਾਰਟੀ ਦੀ ਜੜ੍ਹ ਪੰਜਾਬ ਵਿਚੋਂ ਪੁੱਟਣੀ ਹੋਵੇਗੀ ਤਾਂ ਹੀ ਪੰਜਾਬ ਬਚ ਸਕੇਗਾ। ਸਾਬਕਾ ਡਿਪਟੀ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਕਾਂਗਰਸ ਦੀ ਇਹ ਵੱਡੀ ਗ਼ਲਤੀ ਸੀ ਜਿਸ ਨੇ ਕੈਪ. ਅਮਰਿੰਦਰ ਵਰਗੇ ਮੌਕਾ ਪ੍ਰਸਤ ਵਿਅਕਤੀ ਨੂੰ ਸਾਢੇ ਨੌਂ ਸਾਲ ਪੰਜਾਬ ਦਾ ਮੁੱਖ ਮੰਤਰੀ ਬਣਾਇਆ, ਕਾਂਗਰਸ ਦਾ ਪ੍ਰਧਾਨ ਬਣਾਇਆ, ਪਰ ਅਮਰਿੰਦਰ ਨੇ ਕਾਂਗਰਸ ਦੀ ਪਿੱਠ ਵਿਚ ਛੁਰਾ ਮਾਰਿਆ, ਇਸੇ ਕਰਕੇ ਅੱਜ ਮੋਤੀ ਮਹਿਲ ਸੁੰਨਾ ਪਿਆ ਹੈ ਤੇ ਇੱਥੇ ਕਾਂਗਰਸੀ ਹਜ਼ਾਰਾਂ ਦੀ ਤਾਦਾਦ ਵਿਚ ਪੁੱਜੇ ਹਨ। ਇਸ ਮੌਕੇ ਪੰਜਾਬ ਕਾਂਗਰਸ ਦੇ ਸਹਿ ਇੰਚਾਰਜ ਰਵਿੰਦਰ ਉੱਤਮ ਰਾਓ ਡਾਲਵੀ, ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਸਾਬਕਾ ਡਿਪਟੀ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ, ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ, ਸਾਬਕਾ ਮੰਤਰੀ ਸਾਧੂ ਸਿੰਘ ਧਰਮਸੋਤ , ਪੰਜਾਬ ਯੂਥ ਕਾਂਗਰਸ ਦੇ ਪ੍ਰਧਾਨ ਮੋਹਿਤ ਮੋਹਿੰਦਰਾ , ਹਰਿੰਦਰਪਾਲ ਸਿੰਘ ਹੈਰੀ ਮਾਨ ਸਮੇਤ, ਦਰਬਾਰਾ ਸਿੰਘ ਸਤਰਾਣਾ, ਮਹੰਤ ਹਰਵਿੰਦਰ ਸਿੰਘ ਖਨੌੜਾ ਆਦਿ ਹੋਰ ਆਗੂ ਸਹਿਬਾਨ ਵੀ ਹਾਜ਼ਰ ਰਹੇ।

# ਤਰੁਣ ਚੁੱਘ ਜਵਾਬ ਦੇਣ - ਪੰਜਾਬ ਦੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉਣ ਲਈ ਭਾਜਪਾ ਨੇ ਆਖ਼ਰ ਕੀਤਾ ਕੀ ? : ਕੁਲਦੀਪ ਧਾਲੀਵਾਲ

## 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਨੇ ਬੇਮਿਸਾਲ ਨਤੀਜੇ ਦਿੱਤੇ ਹਨ, ਭਾਜਪਾ ਆਗੂਆਂ ਨੂੰ ਜ਼ਮੀਨੀ ਹਕੀਕਤ ਵੇਖਣੀ ਚਾਹੀਦੀ ਹੈ : ਧਾਲੀਵਾਲ



**ਚੰਡੀਗੜ੍ਹ** - ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਭਾਜਪਾ ਪੰਜਾਬ ਦੇ ਜਨਰਲ ਸਕੱਤਰ ਤਰੁਣ ਚੁੱਘ 'ਤੇ ਤਿੱਖਾ ਹਮਲਾ ਬੋਲਦਿਆਂ ਭਾਜਪਾ 'ਤੇ ਪੰਜਾਬ ਦੇ ਨਸ਼ੇ ਦੀ ਸਮੱਸਿਆ ਵਿੱਚ ਪਖੰਡ ਅਤੇ ਸ਼ਮੂਲੀਅਤ ਦਾ ਦੋਸ਼ ਲਗਾਇਆ। ਚੁੱਘ ਅਤੇ ਭਾਜਪਾ ਬੁਲਾਰੇ ਜੋਸ਼ੀ ਦੀਆਂ ਟਿੱਪਣੀਆਂ ਦਾ ਜਵਾਬ ਦਿੰਦੇ ਹੋਏ, ਧਾਲੀਵਾਲ ਨੇ ਕਿਹਾ ਕਿ ਭਾਜਪਾ-ਅਕਾਲੀ ਦਲ ਦੇ ਸ਼ਾਸਨ ਦੌਰਾਨ ਪੰਜਾਬ ਵਿੱਚ ਨਸ਼ਾ ਅਤੇ ਗੈਂਗਸਟਰਵਾਦ ਦਾ ਬੋਲ-ਬਾਲਾ ਰਿਹਾ।

ਧਾਲੀਵਾਲ ਨੇ ਪੁੱਛਿਆ, 'ਹਰ ਕੋਈ ਜਾਣਦਾ ਹੈ ਕਿ ਪੰਜਾਬ ਵਿੱਚ ਨਸ਼ਿਆਂ ਦਾ ਦੌਰ ਭਾਜਪਾ-ਅਕਾਲੀ ਦਲ ਸਰਕਾਰ ਦੌਰਾਨ ਸ਼ੁਰੂ ਹੋਇਆ ਸੀ। ਜਦੋਂ ਪੰਜਾਬ ਵਿੱਚ ਨਸ਼ਿਆਂ ਦਾ ਹੜ੍ਹ ਆਇਆ ਸੀ ਤਾਂ ਭਾਜਪਾ ਦਾ ਕੀ ਸਟੈਂਡ ਸੀ? ਉਦੋਂ ਭਾਜਪਾ ਆਗੂ ਕਿਉਂ ਨਹੀਂ ਬੋਲੇ?'

ਮੰਤਰੀ ਨੇ ਕਿਹਾ ਕਿ ਭਾਜਪਾ ਦੇ ਸਹਿਯੋਗੀ ਸੀਨੀਅਰ ਅਕਾਲੀ ਆਗੂਆਂ 'ਤੇ ਨਸ਼ਾ ਤਸਕਰੀ ਦੇ ਦੋਸ਼ ਲੱਗੇ ਸਨ, ਫਿਰ ਵੀ ਭਾਜਪਾ ਚੁੱਪ ਰਹੀ। ਉਨ੍ਹਾਂ ਪੁੱਛਿਆ, 'ਤਰੁਣ ਚੁੱਘ, ਜਦੋਂ ਇੱਕ ਪ੍ਰਮੁੱਖ ਅਕਾਲੀ ਆਗੂ ਨੂੰ ਤਸਕਰੀ ਦੇ ਦੋਸ਼ ਵਿੱਚ ਜੇਲ੍ਹ ਭੇਜਿਆ ਗਿਆ, ਤਾਂ ਤੁਸੀਂ ਆਪਣੀ ਪਾਰਟੀ ਦਾ ਬਚਾਅ ਕਿਵੇਂ ਕਰੋਗੇ? ਭਾਜਪਾ ਨੇ ਆਪਣੇ ਸਹਿਯੋਗੀ ਦੀ ਅਜਿਹੇ ਅਪਰਾਧਾਂ ਵਿੱਚ ਸ਼ਮੂਲੀਅਤ ਵਿਰੁੱਧ ਕਾਰਵਾਈ ਕਿਉਂ ਨਹੀਂ ਕੀਤੀ?'

ਧਾਲੀਵਾਲ ਨੇ ਭਾਜਪਾ ਆਗੂ ਕੈਪਟਨ ਅਮਰਿੰਦਰ ਸਿੰਘ ਵੱਲੋਂ 2017 ਵਿੱਚ ਪੰਜਾਬ ਵਿੱਚੋਂ ਨਸ਼ਾ ਖਤਮ ਕਰਨ ਦੇ ਆਪਣੇ ਵਾਅਦੇ ਨੂੰ ਪੂਰਾ ਕਰਨ ਵਿੱਚ ਅਸਫਲ ਰਹਿਣ ਦੀ ਅਲੋਚਨਾ ਕੀਤੀ। ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਨੇ ਗੁਟਕਾ ਸਾਹਿਬ ਦੀ ਸਹੁੰ ਖਾ ਕੇ ਨਸ਼ਾ ਖਤਮ ਕਰਨ ਦੀ ਸਹੁੰ ਖਾਧੀ ਸੀ, ਪਰ ਉਨ੍ਹਾਂ ਨੇ ਪੰਜ ਸਾਲਾਂ ਵਿੱਚ ਕੁਝ ਨਹੀਂ ਕੀਤਾ। ਤਰੁਣ ਚੁੱਘ ਨੂੰ ਦੱਸਣਾ ਚਾਹੀਦਾ ਹੈ ਕਿ ਕੈਪਟਨ, ਜੋ ਹੁਣ ਭਾਜਪਾ ਵਿੱਚ ਸ਼ਾਮਲ ਹੋ ਗਏ ਹਨ, ਇਸ ਮਹੱਤਵਪੂਰਨ ਮੁੱਦੇ 'ਤੇ ਚੁੱਪ ਕਿਉਂ ਰਹੇ।

'ਆਪ' ਸਰਕਾਰ ਦੀਆਂ ਪ੍ਰਾਪਤੀਆਂ 'ਤੇ ਚਾਨਣਾ ਪਾਉਂਦੇ ਹੋਏ ਧਾਲੀਵਾਲ ਨੇ ਕਿਹਾ ਕਿ 1 ਮਾਰਚ ਨੂੰ ਸ਼ੁਰੂ ਕੀਤੀ ਗਈ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੇ ਤਹਿਤ, ਸਾਡੀ ਸਰਕਾਰ ਨੇ 14,500 ਤੋਂ ਵੱਧ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ, 8,600 ਐਫਆਈਆਰ ਦਰਜ ਕੀਤੀਆਂ ਹਨ ਅਤੇ 594 ਕਿੱਲੋਗਰਾਮ ਹੈਰੋਇਨ ਜ਼ਬਤ ਕੀਤੀ ਹੈ। ਅਸੀਂ ਨਸ਼ਾ ਤਸਕਰਾਂ ਦੀਆਂ ਗੈਰ-ਕਾਨੂੰਨੀ ਜਾਇਦਾਦਾਂ ਨੂੰ ਢਾਹ ਦਿੱਤਾ ਹੈ ਅਤੇ ਉਨ੍ਹਾਂ ਨੂੰ ਸਲਾਖ਼ਾਂ ਪਿੱਛੇ ਸੁੱਟ ਦਿੱਤਾ ਹੈ। ਇਹ ਮੁਹਿੰਮ ਇੱਕ ਜਨ ਲਹਿਰ ਬਣ ਗਈ ਹੈ ਜਿਸ ਵਿੱਚ ਪਿੰਡਾਂ, ਕਸਬਿਆਂ ਅਤੇ ਸ਼ਹਿਰਾਂ ਦੇ ਲੋਕ ਨਸ਼ਿਆਂ ਵਿਰੁੱਧ ਲੜਨ ਦੀ ਸਹੁੰ ਚੁੱਕ ਰਹੇ ਹਨ।

ਉਨ੍ਹਾਂ ਚੁੱਘ ਨੂੰ ਇਸ ਬਦਲਾਅ ਨੂੰ ਖ਼ੁਦ ਦੇਖਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ 'ਮੇਰੇ ਨਾਲ ਅੰਮ੍ਰਿਤਸਰ ਆਓ, ਅਤੇ ਮੈਂ ਤੁਹਾਨੂੰ ਦਿਖਾਵਾਂਗਾ ਕਿ ਲੋਕ ਇਸ ਅੰਦੋਲਨ ਵਿੱਚ ਕਿਵੇਂ ਸਰਗਰਮੀ ਨਾਲ ਹਿੱਸਾ ਲੈ ਰਹੇ ਹਨ। ਤੁਸੀਂ ਇਸ ਮੁਹਿੰਮ ਨੂੰ ਅਸਫਲ ਕਿਵੇਂ ਕਹਿ ਸਕਦੇ ਹੋ ਜਦੋਂ ਇਸ ਨੇ ਪੂਰੇ ਰਾਜ ਨੂੰ ਇੱਕਜੁੱਟ ਕਰ ਦਿੱਤਾ ਹੈ?'

ਧਾਲੀਵਾਲ ਨੇ ਭਾਜਪਾ 'ਤੇ ਪੰਜਾਬ ਵਿਰੋਧੀ ਹੋਣ ਦਾ ਦੋਸ਼ ਲਗਾਇਆ ਅਤੇ ਪਾਰਟੀ ਵੱਲੋਂ ਪੰਜਾਬ ਦੇ ਸਰੋਤਾਂ ਨੂੰ ਹੜੱਪਣ ਦੀਆਂ ਕੋਸ਼ਿਸ਼ਾਂ ਨੂੰ ਉਜਾਗਰ ਕੀਤਾ। ਉਨ੍ਹਾਂ ਨੇ ਨੰਗਲ ਡੈਮ 'ਤੇ ਸੀਆਈਐਸਐਫ ਦੀ ਤਾਇਨਾਤੀ, ਜਿਸ ਨੂੰ ਉਨ੍ਹਾਂ ਨੇ ਪੰਜਾਬ ਦੇ ਜਲ ਸਰੋਤਾਂ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕਿਹਾ, ਅਤੇ ਕੇਂਦਰ ਸਰਕਾਰ ਦੁਆਰਾ ਫੰਡਾਂ ਨੂੰ ਰੋਕਣ ਦਾ ਉਦਾਹਰਨ ਦਿੱਤਾ। ਉਨ੍ਹਾਂ ਕਿਹਾ ਕਿ ਭਾਜਪਾ ਪੰਜਾਬ ਨੂੰ ਕਮਜ਼ੋਰ ਕਰਨਾ ਚਾਹੁੰਦੀ ਹੈ, ਸਾਡਾ ਪਾਣੀ ਚੋਰੀ ਕਰਨਾ ਚਾਹੁੰਦੀ ਹੈ ਅਤੇ ਸਾਨੂੰ ਸਾਡੇ ਜਾਇਜ਼ ਫੰਡਾਂ ਤੋਂ ਵਾਂਝਾ ਕਰਨਾ ਚਾਹੁੰਦੀ ਹੈ। ਤਰੁਣ ਚੁੱਘ ਨੂੰ ਜਵਾਬ ਦੇਣਾ ਚਾਹੀਦਾ ਹੈ ਕਿ ਉਹ ਪੰਜਾਬ ਦੇ ਨਾਲ ਖੜ੍ਹੇ ਹਨ ਜਾਂ ਭਾਜਪਾ ਅਤੇ ਇਸ ਦੀਆਂ ਹਰਿਆਣਾ ਅਤੇ ਕੇਂਦਰੀ ਇਕਾਈਆਂ ਦੇ ਨਾਲ, ਜੋ ਪੰਜਾਬ ਦੇ ਹੱਕ ਖੋਹਣ ਦੀ ਕੋਸ਼ਿਸ਼ ਕਰ ਰਹੀਆਂ ਹਨ?' ਮੰਤਰੀ ਨੇ ਚਰਨਜੀਤ ਸਿੰਘ ਚੰਨੀ ਸਮੇਤ ਕਾਂਗਰਸੀ ਆਗੂਆਂ 'ਤੇ ਵੀ ਨਿਸ਼ਾਨਾ ਸਾਧਿਆ ਅਤੇ ਉਨ੍ਹਾਂ ਨੂੰ ਆਪਣੇ ਕਾਰਜਕਾਲ ਦਾ ਹਿਸਾਬ ਦੇਣ ਲਈ ਕਿਹਾ। ਧਾਲੀਵਾਲ ਨੇ ਕਿਹਾ, 'ਚੰਨੀ ਅਤੇ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਨੂੰ ਬੁਰੀ ਤਰ੍ਹਾਂ ਬਰਬਾਦ ਕੀਤਾ ਹੈ। ਕਿ ਉਨ੍ਹਾਂ ਨੇ ਨਸ਼ਾ ਤਸਕਰਾਂ ਦੇ ਘਰ ਢਾਏ ਜਾਂ ਉਨ੍ਹਾਂ ਦੀ ਜਾਇਦਾਦ ਜ਼ਬਤ ਕੀਤੀਆਂ? ਕਾਂਗਰਸ ਕੋਲ ਸਾਡੀ ਆਲੋਚਨਾ ਕਰਨ ਦਾ ਕੋਈ ਨੈਤਿਕ ਆਧਾਰ ਨਹੀਂ ਹੈ।' ਧਾਲੀਵਾਲ ਨੇ ਪੰਜਾਬ ਦੀ ਤਰੱਕੀ ਪ੍ਰਤੀ 'ਆਪ' ਦੀ ਵਚਨਬੱਧਤਾ ਨੂੰ ਦੁਹਰਾਉਂਦੇ ਹੋਏ, ਕਿਹਾ 'ਆਪ' ਸਰਕਾਰ ਨੇ ਉਹ ਪ੍ਰਾਪਤੀ ਕੀਤੀ ਹੈ ਜੋ ਪਿਛਲੀ ਕੋਈ ਵੀ ਸਰਕਾਰ ਨਹੀਂ ਕਰ ਸਕੀ। ਅਸੀਂ ਨਸ਼ਿਆਂ ਦਾ ਖ਼ਾਤਮਾ ਕਰ ਰਹੇ ਹਾਂ, ਤਸਕਰਾਂ ਦੀ ਜਾਇਦਾਦ ਜ਼ਬਤ ਕਰ ਰਹੇ ਹਾਂ ਅਤੇ ਪੰਜਾਬ ਦੇ ਹੱਕਾਂ ਲਈ ਖੜ੍ਹੇ ਹਾਂ। ਅਸੀਂ ਲੁਧਿਆਣਾ ਪੱਛਮੀ ਜ਼ਿਮਨੀ ਚੋਣ ਨੂੰ ਵੱਡੇ ਫ਼ਰਕ ਨਾਲ ਜਿੱਤਾਂਗੇ ਅਤੇ ਲੋਕਾਂ ਲਈ ਆਪਣਾ ਕੰਮ ਜਾਰੀ ਰੱਖਾਂਗੇ।' ਉਨ੍ਹਾਂ ਤਰੁਣ ਚੁੱਘ ਅਤੇ ਭਾਜਪਾ ਆਗੂਆਂ ਨੂੰ ਚੁਣੌਤੀ ਦਿੱਤੀ ਕਿ ਉਹ ਦੱਸਣ ਕਿ ਉਨ੍ਹਾਂ ਨੇ ਪੰਜਾਬ ਲਈ ਕੀ ਕੀਤਾ ਹੈ। ਧਾਲੀਵਾਲ ਨੇ ਕਿਹਾ ਕਿ ਭਾਜਪਾ ਨੂੰ ਰਾਜਨੀਤੀ ਕਰਨੀ ਬੰਦ ਕਰ ਦੇਣੀ ਚਾਹੀਦੀ ਹੈ। ਪੰਜਾਬ ਹੁਣ ਤੁਹਾਡੇ ਖੋਖਲੇ ਸ਼ਬਦਾਂ ਨਾਲ ਗੁੰਮਰਾਹ ਨਹੀਂ ਹੋਵੇਗਾ।'

# ਪੰਜਾਬ ਵੱਲੋਂ ਮਈ 2025 ਦੌਰਾਨ ਜੀਐਸਟੀ ਪ੍ਰਾਪਤੀ ਵਿੱਚ 25.31% ਦਾ ਸ਼ਾਨਦਾਰ ਵਾਧਾ ਦਰਜ: ਹਰਪਾਲ ਸਿੰਘ ਚੀਮਾ



**ਚੰਡੀਗੜ੍ਹ** - ਪੰਜਾਬ ਦੀ ਵਿੱਤੀ ਸਿਹਤ ਦੇ ਲਗਾਤਾਰ ਉੱਪਰ ਵੱਲ ਵੱਧਦੇ ਗ੍ਰਾਫ ਦੇ ਚੱਲਦਿਆਂ ਸੂਬੇ ਨੇ ਮਈ 2025 ਦੇ ਮਹੀਨੇ ਦੌਰਾਨ ਵਸਤੂਆਂ ਅਤੇ ਸੇਵਾਵਾਂ ਕਰ (ਜੀਐਸਟੀ) ਪ੍ਰਾਪਤੀ ਵਿੱਚ ਪਿਛਲੇ ਸਾਲ ਦੀ ਇਸੇ ਮਿਆਦ ਦੇ ਮੁਕਾਬਲੇ 25.31 ਫੀਸਦੀ ਦਾ ਮਹੱਤਵਪੂਰਨ ਸ਼ੁੱਧ ਵਾਧਾ ਦਰਜ ਕੀਤਾ ਹੈ। ਇਹ ਪੰਜਾਬ ਦੇ ਇਤਿਹਾਸ ਵਿੱਚ ਮਈ ਮਹੀਨੇ ਲਈ ਹੁਣ ਤੱਕ ਦਾ ਸਭ ਤੋਂ ਵੱਧ ਜੀਐਸਟੀ ਪ੍ਰਾਪਤੀ ਹੈ। ਮਈ 2025 ਵਿੱਚ 405.17 ਕਰੋੜ ਰੁਪਏ ਦੇ ਸ਼ਾਨਦਾਰ ਵਾਧੇ ਨਾਲ ਸ਼ੁੱਧ ਜੀਐਸਟੀ ਮਾਲੀਆ ਵਧ ਕੇ ?2,006.31 ਕਰੋੜ ਹੋ ਗਿਆ, ਜੋ ਕਿ ਮਈ 2024 ਵਿੱਚ ?1,601.14 ਕਰੋੜ ਸੀ। ਇਸ ਦੇ ਮੁਕਾਬਲੇ, ਮਈ 2024 ਵਿੱਚ 8.17 ਫੀਸਦੀ ਦਾ ਵਾਧਾ ਹੋਇਆ ਸੀ ਜੋ ਕਿ ਮਈ 2023 ਵਿੱਚ ਇਕੱਠੇ ਕੀਤੇ ਗਏ 1,480 ਕਰੋੜ ਰੁਪਏ ਤੋਂ 121 ਕਰੋੜ ਰੁਪਏ ਵੱਧ ਸੀ। ਇਸ ਸਾਲ ਦੀ ਕਾਰਗੁਜ਼ਾਰੀ ਸਪੱਸ਼ਟ ਤੌਰ 'ਤੇ ਪੰਜਾਬ ਦੀ ਵਿੱਤੀ ਸਿਹਤ ਵਿੱਚ ਇੱਕ ਮਜ਼ਬੂਤ ਅਤੇ ਤੇਜ਼ ਵਿਕਾਸ ਰੁਝਾਨ ਨੂੰ ਦਰਸਾਉਂਦੀ ਹੈ।

ਅੱਜ ਇਥੇ ਇਨ੍ਹਾਂ ਅੰਕੜਿਆਂ ਦਾ ਐਲਾਨ ਕਰਦਿਆਂ ਪੰਜਾਬ ਦੇ ਵਿੱਤ, ਯੋਜਨਾਬੰਦੀ, ਆਬਕਾਰੀ ਅਤੇ ਕਰ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਇਸ ਪ੍ਰਭਾਵਸ਼ਾਲੀ ਵਾਧੇ ਦਾ ਕਾਰਨ ਮਜ਼ਬੂਤ ਕਰ ਪ੍ਰਸ਼ਾਸਨ, ਕਰ ਪਾਲਣਾ ਵਿੱਚ ਹੋਏ ਵਾਧੇ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੈਦਾ ਹੋਏ ਇੱਕ ਲਚਕੀਲੇ ਆਰਥਿਕ ਵਾਤਾਵਰਣ ਨੂੰ ਦੱਸਿਆ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਵਿੱਤੀ ਸੂਝ-ਬੂਝ ਅਤੇ ਆਰਥਿਕ ਸੁਧਾਰ ਪ੍ਰਤੀ 'ਆਪ' ਸਰਕਾਰ ਦੀ ਵਚਨਬੱਧਤਾ ਨੇ ਮਾਲੀਏ ਵਿੱਚ ਇਸ ਨਿਰੰਤਰ ਵਾਧੇ ਦੇ ਰੁਝਾਨ ਨੂੰ ਜਨਮ ਦਿੱਤਾ ਹੈ।

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਅੱਗੇ ਕਿਹਾ ਕਿ ਇਹ ਵਾਧਾ ਨਾ ਸਿਰਫ ਹਾਲ ਹੀ ਦੇ ਸਾਲਾਂ ਵਿੱਚ ਸਭ ਤੋਂ ਵੱਧ ਸਾਲ-ਦਰ-ਸਾਲ ਪ੍ਰਤੀ ਮਹੀਨਾ ਹੋ ਰਹੇ ਵਿਕਾਸ ਨੂੰ ਦਰਸਾਉਂਦਾ ਹੈ, ਸਗੋਂ ਕੌਮ ਔਸਤ ਜੀ.ਐਸ.ਟੀ ਵਿਕਾਸ ਦਰ ਨੂੰ ਵੀ ਪਛਾੜਦਾ ਹੈ, ਜਿਸ ਸਦਕਾ ਪੰਜਾਬ ਕਰ ਗਤੀਸ਼ੀਲਤਾ ਵਿੱਚ ਚੋਟੀ ਦੇ ਪ੍ਰਦਰਸ਼ਨ ਕਰਨ ਵਾਲੇ ਰਾਜਾਂ ਵਿੱਚ ਸ਼ਾਮਲ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਸਰਕਾਰ ਵੱਲੋਂ ਕਰ ਪ੍ਰਸ਼ਾਸਨ ਨੂੰ ਮਜ਼ਬੂਤ ਕਰਦਿਆਂ ਕਰ ਚੋਰੀ ਨੂੰ ਰੋਕਿਆ ਗਿਆ ਹੈ ਅਤੇ ਇੱਕ ਸਹਿਜ ਟੈਕਸ ਢਾਂਚਾ ਪ੍ਰਦਾਨ ਕੀਤਾ ਹੈ ਜੋ ਕਾਰੋਬਾਰਾਂ ਨੂੰ ਸਸ਼ਕਤ ਬਣਾਉਂਦਾ ਹੋਇਆ ਸੂਬੇ ਲਈ ਮਾਲੀਆ ਵਾਧਾ ਯਕੀਨੀ ਬਣਾਉਂਦਾ ਹੈ।

ਭਾਰਤ-ਪਾਕਿਸਤਾਨ ਵਿੱਚ ਵਧੇ ਤਣਾਅ ਅਤੇ ਇਸ ਸਮੇਂ ਦੌਰਾਨ ਜੰਗ ਵਰਗੀ ਸਥਿਤੀ ਕਾਰਨ ਪੰਜਾਬ ਨੂੰ ਇੱਕ ਸਰਹੱਦੀ ਰਾਜ ਵਜੋਂ ਦਰਪੇਸ਼ ਚੁਣੌਤੀਆਂਨੂੰ ਧਿਆਨ ਵਿੱਚ ਰੱਖਦੇ ਹੋਏ ਇਹ ਵਿੱਤੀ ਮੀਲ ਪੱਥਰ ਵਿਸ਼ੇਸ਼ ਤੌਰ 'ਤੇ ਸ਼ਲਾਘਾਯੋਗ ਹੈ। ਇਨ੍ਹਾਂ ਰੁਕਾਵਟਾਂ ਦੇ ਬਾਵਜੂਦ ਸੂਬੇ ਨੇ ਇੱਕ ਵਿਕਾਸ ਦਰ ਪ੍ਰਾਪਤ ਕੀਤੀ ਜੋ ਮਈ 2024 ਵਿੱਚ ਪ੍ਰਾਪਤ 8.17 ਫੀਸਦੇ ਵਾਧੇ ਨਾਲੋਂ ਤਿੰਨ ਗੁਣਾ ਵੱਧ ਹੈ।

ਵਿੱਤ ਮੰਤਰੀ ਨੇ ਜ਼ੋਰ ਦੇ ਕੇ ਕਿਹਾ ਕਿ ਮਈ 2025 ਵਿੱਚ ਪੰਜਾਬ ਵਿੱਚ ਰਿਕਾਰਡ ਜੀ.ਐਸ.ਟੀ ਵਾਧਾ ਕਰ ਪਾਲਣਾ ਵਿੱਚ ਲਿਆਂਦੇ ਗਏ ਸੁਧਾਰ, ਸਰਗਰਮ ਕਰਦਾਤਾਵਾਂ ਦੀ ਸ਼ਮੂਲੀਅਤ ਅਤੇ ਕਰ ਵਿਭਾਗ ਵੱਲੋਂ ਮਜ਼ਬੂਤ ਇੰਨਫੋਰਸਮੈਂਟ ਦੇ ਸੁਮੇਲ ਦਾ ਨਤੀਜਾ ਹੈ। ਇਸ ਦੌਰਾਨ ਮੁੱਖ ਕਾਰਵਾਈਆਂ ਵਿੱਚ 195 ਜਾਅਲੀ ਫਰਮਾਂ ਦੀ ਭੌਤਿਕ ਤਸਦੀਕ, ਜਿਸ ਨਾਲ 75.79 ਕਰੋੜ ਰੁਪਏ ਦੇ ਧੋਖਾਧੜੀ ਵਾਲੇ ਇਨਪੁਟ ਟੈਕਸ ਕ੍ਰੈਡਿਟ ਨੂੰ ਰੋਕਿਆ ਗਿਆ; ਕੋਲਾ ਖੇਤਰ ਵਿੱਚ ਵੱਡੀ ਟੈਕਸ ਚੋਰੀ ਦਾ ਪਤਾ ਲਗਾਉਣਾ, ਜਿਸ ਵਿੱਚ 225 ਕਰੋੜ ਰੁਪਏ ਤੋਂ ਵੱਧ ਦੇ ਆਫ-ਬੁੱਕ ਲੈਣ-ਦੇਣ ਅਤੇ 11.65 ਕਰੋੜ ਰੁਪਏ ਦੀ ਕਰ ਚੋਰੀ ਸ਼ਾਮਲ ਸੀ; ਅਤੇ ਲੁਧਿਆਣਾ ਵਿੱਚ 900 ਕਰੋੜ ਰੁਪਏ ਦੇ ਜਾਅਲੀ ਸੋਨੇ ਦੇ ਸਰਾਫਾ ਲੈਣ-ਦੇਣ ਦਾ ਪਰਦਾਫਾਸ਼ ਕਰਨਾ, ਜਿਸ ਵਿੱਚ 21 ਕਰੋੜ ਰੁਪਏ ਦੇ ਗੈਰ-ਵਾਜਿਬ ਆਈ.ਟੀ.ਸੀ ਨੂੰ ਬਲੌਕ ਕੀਤਾ ਗਿਆ, ਸ਼ਾਮਿਲ ਸੀ।

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਰ ਵਿਭਾਗ ਦੇ ਅਧਿਕਾਰੀਆਂ ਅਤੇ ਫੀਲਡ ਸਟਾਫ ਦੀ ਉਨ੍ਹਾਂ ਦੇ ਸਮਰਪਣ ਅਤੇ ਪ੍ਰਭਾਵਸ਼ਾਲੀ ਇੰਨਫੋਰਸਮੈਂਟ ਯਤਨਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਇਹ ਵਾਧੂ ਮਾਲੀਆ ਰਾਜ ਸਰਕਾਰ ਦੇ ਵਿਕਾਸ ਪਹਿਲਕਦਮੀਆਂ ਨੂੰ ਹੋਰ ਮਜ਼ਬੂਤੀ ਪ੍ਰਦਾਨ ਕਰੇਗਾ ਅਤੇ ਬਿਹਤਰ ਜਨਤਕ ਸੇਵਾ ਪ੍ਰਦਾਨ ਕਰਨ ਵਿੱਚ ਯੋਗਦਾਨ ਪਾਵੇਗਾ।

ਕਰ ਵਿਭਾਗ ਜੂਨ 2025 ਵਿੱਚ ਇਸ ਗਤੀ ਨੂੰ ਬਣਾਈ ਰੱਖਣ ਅਤੇ ਨੀਤੀਗਤ ਸੁਧਾਰ, ਪ੍ਰਸ਼ਾਸਕੀ ਕੁਸ਼ਲਤਾ ਅਤੇ ਵਿੱਤੀ ਅਨੁਸ਼ਾਸਨ ਦੀ ਠੋਸ ਨੀਂਹ 'ਤੇ ਕੰਮ ਕਰਦੇ ਹੋਏ ਵਿਕਾਸ ਦੇ ਹੋਰ ਉੱਚੇ ਮੁਕਾਮ ਪ੍ਰਾਪਤ ਕਰਨ ਲਈ ਵਚਨਬੱਧ ਹੈ।

# ਫਾਜ਼ਿਲਕਾ ਦੇ ਵਿਧਾਇਕ ਨਰਿੰਦਰ ਪਾਲ ਸਿੰਘ ਸਵਨਾ ਦੀ ਪ੍ਰੇਰਨਾ ਨਾਲ ਚਾਰ ਨੌਜਵਾਨ ਨਸ਼ਾ ਛੱਡਣ ਲਈ ਹੋਏ ਤਿਆਰ

**ਫਾਜਿਲਕਾ** - ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਲੋਕਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਪ੍ਰਤੀ ਵੱਡੀ ਪੱਧਰ ਤੇ ਜਾਗਰੂਕ ਕਰਕੇ ਰਾਜ ਵਿੱਚੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਸ਼ੁਰੂ ਕੀਤੀ ਗਈ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਤਹਿਤ ਫਾਜ਼ਿਲਕਾ ਦੇ ਵਿਧਾਇਕ ਨਰਿੰਦਰ ਪਾਲ ਸਿੰਘ ਸਵਨਾ ਨੇ ਅੱਜ ਹਲਕੇ ਦੇ ਵੱਖ ਵੱਖ ਪਿੰਡਾਂ ਵਿੱਚ ਨਸ਼ਾਮੁਕਤੀ ਯਾਤਰਾ ਵਿੱਚ ਸ਼ਮੂਲੀਅਤ ਕਰਕੇ ਲੋਕਾਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕੀਤਾ।

ਇਸ ਦੌਰਾਨ ਪਿੰਡ ਹਸਤਾਂ ਕਲਾਂ ਵਿੱਚ ਚਾਰ ਨੌਜਵਾਨ ਵਿਧਾਇਕ ਦੀ ਪ੍ਰੇਰਨਾ ਤੋਂ ਪ੍ਰਭਾਵਿਤ ਹੋ ਕੇ ਤੁਰੰਤ ਨਸ਼ਾ ਛੱਡਣ ਲਈ ਪ੍ਰਭਾਵ ਤਿਆਰ ਹੋ ਗਏ। ਇਹਨਾਂ ਨੂੰ ਵਿਧਾਇਕ ਨੇ ਖੁਦ ਨਸ਼ਾ ਮੁਕਤੀ ਕੇਂਦਰ ਵਿਖੇ ਦਾਖਲ ਕਰਵਾਇਆ। ਇਸ ਮੌਕੇ ਵਿਧਾਇਕ ਨੇ ਕਿਹਾ ਕਿ ਜੋ ਨੌਜਵਾਨ ਨਸ਼ਾ ਛੱਡਣਾ ਚਾਹੁੰਦੇ ਹਨ ਉਹ ਬੇਫਿਕਰ ਹੋ ਕੇ ਇਸ ਕੰਮ ਲਈ ਅੱਗੇ ਆਉਣ ਕਿਉਂਕਿ ਨਸ਼ਾ ਛੱਡਣ ਲਈ ਇਲਾਜ ਕਰਵਾਉਣ ਵਾਲੇ ਨੂੰ ਪੁਲਿਸ ਵੱਲੋਂ ਕੋਈ ਤੰਗ ਪਰੇਸ਼ਾਨ ਨਹੀਂ ਕੀਤਾ ਜਾਂਦਾ ਅਤੇ ਇਹ ਇਲਾਜ ਵੀ ਬਿਲਕੁਲ ਮੁਫਤ ਹੈ। ਇਸ ਮੌਕੇ ਵਿਧਾਇਕ ਵੱਲੋਂ ਪਿੰਡ ਵੱਲੇ ਸ਼ਾਹ ਉਤਾੜ ਨੂਰਸ਼ਾਹ,ਨਵਾਂ ਹਸਤਾ,ਗੁਰੂ ਸੁੰਦਰ ਨਗਰ, ਹਸਤਾ ਕਲਾ ਆਦਿ ਪਿੰਡਾਂ ਵਿਖੇ ਲੋਕਾਂ ਨੂੰ ਨਸ਼ਿਆਂ ਵਿਰੁੱਧ ਸਹੁੰ ਚਕਾਉਣ ਉਪਰੰਤ ਆਪਣੇ ਸੰਬੋਧਨ ਵਿੱਚ ਕਿਹਾ ਕਿ ਪਹਿਲਾਂ ਹੀ ਸਰਕਾਰ ਵੱਲੋਂ ਨਸ਼ਾ ਤਸਕਰਾਂ ਵਿਰੁੱਧ ਵੱਡੀ ਕਾਰਵਾਈ ਕਰਕੇ ਨਸ਼ਿਆਂ ਦੇ ਕਾਰੋਬਾਰ ਤੇ ਕਾਫੀ ਕਾਬੂ ਪਾਇਆ ਜਾ ਚੁੱਕਾ ਹੈ। ਉਨ੍ਹਾਂ ਕਿਹਾ ਕਿ ਨਸ਼ੇ ਨੂੰ ਪੂਰੀ ਤਰ੍ਹਾਂ ਖਤਮ ਕਰਨ ਲਈ ਸਭ ਦੇ ਸਹਿਯੋਗ ਦੀ ਜ਼ਰੂਰਤ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਨੂੰ ਮੁੜ ਤੋਂ ਰੰਗਲਾ ਪੰਜਾਬ ਬਣਾਉਣ ਲਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਵਿੱਚ ਵੱਧ ਚੜ੍ਹ ਕੇ ਆਪਣਾ ਯੋਗਦਾਨ ਪਾਉਣ।

## ਪੇਜ਼ ਇੱਕ ਦਾ ਬਾਕੀ

ਅੱਜ ਹੋਵੇਗੀ ...

ਬਹੁਤ ਮਹੱਤਵਪੂਰਨ ਦੱਸਿਆ ਜਾ ਰਿਹਾ ਹੈ।

ਇਸ ਤੋਂ ਪਹਿਲਾਂ ਕੈਬਨਿਟ ਮੀਟਿੰਗ 23 ਮਈ ਨੂੰ ਹੋਈ ਸੀ। ਇਸ ਫੇਰੀ ਦੌਰਾਨ ਪੰਜਾਬ ਮੈਨੇਜਮੈਂਟ ਐਂਡ ਟ ?ਰਾਂਸਫਰ ਆਫ਼ ਮਿਊਂਸੀਪਲ ਪ੍ਰਾਪਰਟੀਜ਼ ਰੂਲਜ਼ 2021 ਵਿੱਚ ਇੱਕ ਮਹੱਤਵਪੂਰਨ ਸੋਧ ਨੂੰ ਮਨਜ਼ੂਰੀ ਦਿੱਤੀ ਗਈ ਸੀ। ਜਿਸ ਤਹਿਤ ਅਲਾਟੀਆਂ ਵੱਲੋਂ ਵਿਕਰੀ ਮੁੱਲ ਜਮ ?ਹਾਂ ਕਰਵਾਉਣ ਦੀ ਸਮਾਂ ਸੀਮਾ ਘਟਾ ਕੇ ਛੇ ਮਹੀਨੇ ਕਰਨ ਦਾ ਫੈਸਲਾ ਕੀਤਾ ਗਿਆ ਸੀ।

ਇਸ ਫੈਸਲੇ ਦਾ ਉਦੇਸ਼ ਸ਼ਹਿਰੀ ਸਥਾਨਕ ਸੰਸਥਾਵਾਂ ਦੁਆਰਾ ਮਾਲੀਆ ਇਕੱਠਾ ਕਰਨ ਵਿੱਚ ਤੇਜ਼ੀ ਲਿਆਉਣਾ, ਨਗਰ ਨਿਗਮ ਇਕਾਈਆਂ ਦੀ ਵਿੱਤੀ ਸਥਿਤੀ ਨੂੰ ਮਜ਼ਬੂਤ ? ?ਕਰਨਾ ਅਤੇ ਦੇਰੀ ਨਾਲ ਭੁਗਤਾਨਾਂ ਨਾਲ ਸਬੰਧਤ ਕਾਨੂੰਨੀ ਵਿਵਾਦਾਂ ਨੂੰ ਘਟਾ ਕੇ ਆਮ ਲੋਕਾਂ ਨੂੰ ਸਹੂਲਤ ਪ੍ਰਦਾਨ ਕਰਨਾ ਸੀ।

ਕੈਨੇਡਾ ...

ਨਾਲ ਕੀਤਾ ਗਿਆ ਕਰਮ' ਹੈ। ਇਸ ਦੇ ਨਾਲ ਹੀ, ਉਸਨੇ ਲਾਟਰੀ ਏਜੰਸੀ ਵਿਰੁੱਧ ਵੀ ਕੇਸ ਦਾਇਰ ਕੀਤਾ ਹੈ ਕਿ ਉਸਨੂੰ ਅਜਿਹੀ ਧੋਖਾਧੜੀ ਦੇ ਖ਼ਤਰੇ ਬਾਰੇ ਪਹਿਲਾਂ ਚੇਤਾਵਨੀ ਕਿਉਂ ਨਹੀਂ ਦਿੱਤੀ ਗਈ ਸੀ। ਦੂਜੇ ਪਾਸੇ, ਪ੍ਰੇਮਿਕਾ ਮੈਕੀ ਨੇ ਸਾਰੇ ਦੋਸ਼ਾਂ ਤੋਂ ਇਨਕਾਰ ਕੀਤਾ ਹੈ ਅਤੇ ਕਿਹਾ ਹੈ ਕਿ ਉਸਨੇ ਜੋ ਵੀ ਕੀਤਾ ਉਹ ਕਾਨੂੰਨੀ ਤੌਰ 'ਤੇ ਕੀਤਾ ਗਿਆ ਸੀ।

ਅੰਮ੍ਰਿਤਸਰ ...

ਵਜੋਂ ਜਵਾਬੀ ਕਾਰਵਾਈ ਕੀਤੀ, ਜਿਸ ਦੇ ਨਤੀਜੇ ਵਜੋਂ ਗੁਰਲਾਲ ਦੀ ਖੱਬੀ ਲੱਤ ਵਿੱਚ ਗੋਲੀ ਲੱਗ ਗਈ। ਉਨ੍ਹਾਂ ਕਿਹਾ ਕਿ ਜ਼ਖਮੀ ਨੂੰ ਤੁਰੰਤ ਸਿਵਲ ਹਸਪਤਾਲ ਅੰਮ੍ਰਿਤਸਰ ਭੇਜ ਦਿੱਤਾ ਗਿਆ, ਜਿੱਥੇ ਉਹ ਜ਼ੇਰੇ ਇਲਾਜ ਹੈ।

ਸੀਪੀ ਨੇ ਦੱਸਿਆ ਕਿ ਜਾਂਚ ਤੋਂ ਪਤਾ ਲੱਗਾ ਹੈ ਕਿ ਉਕਤ ਦੋਸ਼ੀ ਜੀਵਨ ਫੌਜੀ ਦੇ ਇਸ਼ਾਰਿਆਂ 'ਤੇ ਸਥਾਨਕ ਲੋਕਾਂ ਨੂੰ ਡਰਾਉਣ ਅਤੇ ਜਬਰੀ ਪੈਸੇ ਵਸੂਲਣ ਦਾ ਕੰਮ ਕਰ ਰਹੇ ਸਨ। ਉਨ੍ਹਾਂ ਅੱਗੇ ਕਿਹਾ ਕਿ ਪੂਰੇ ਨੈੱਟਵਰਕ ਦਾ ਪਰਦਾਫਾਸ਼ ਕਰਨ ਅਤੇ ਹੋਰ ਸਬੰਧਾਂ ਦਾ ਪਤਾ ਲਗਾਉਣ ਦੀਆਂ ਕੋਸ਼ਿਸ਼ਾਂ ਜਾਰੀ ਹਨ।

ਇਸ ਸਬੰਧੀ ਐਫਆਈਆਰ ਨੰਬਰ 88 ਮਿਤੀ 17-05-2025 ਨੂੰ ਅੰਮ੍ਰਿਤਸਰ ਦੇ ਥਾਣਾ ਬੀ-ਡਵੀਜ਼ਨ ਵਿਖੇ ਭਾਰਤੀ ਨਿਆਂ ਸੰਹਿਤਾ (ਬੀਐਨਐਸ) ਦੀਆਂ ਧਾਰਾਵਾਂ 109, 324(4) ਅਤੇ 3(5) ਅਤੇ ਅਸਲਾ ਐਕਟ ਦੀਆਂ 25 ਅਤੇ 27 ਤਹਿਤ ਪਹਿਲਾਂ ਹੀ ਦਰਜ ਕੀਤੀ ਜਾ ਚੁੱਕੀ ਹੈ।

ਐਮਐਲਏ ...

ਜਾ ਰਿਹਾ ਸੀ। ਇਸ ਦੇ ਨਾਲ ਹੀ, ਹੁਣ ਇਹ ਜਾਂਚ ਦਾ ਵਿਸ਼ਾ ਹੈ ਕਿ ਹਰਪ੍ਰੀਤ ਕੌਰ ਵੱਲੋਂ ਇਮਾਰਤਾਂ ਨੂੰ ਭੇਜੇ ਗਏ ਨੋਟਿਸ ਜਾਇਜ਼ ਸਨ ਜਾਂ ਜਾਅਲੀ।

ਚਾਰ ਹੋਰ ਬਿਲਡਿੰਗ ਮਾਲਕਾਂ ਦੀਆਂ ਸ਼ਿਕਾਇਤਾਂ:

ਵਿਜੀਲੈਂਸ ਨੂੰ ਹੁਣ ਤੱਕ ਚਾਰ ਹੋਰ ਇਮਾਰਤ ਮਾਲਕਾਂ ਦੀਆਂ ਸ਼ਿਕਾਇਤਾਂ ਮਿਲੀਆਂ ਹਨ, ਜਿਨ੍ਹਾਂ 'ਚ ਕਿਹਾ ਗਿਆ ਹੈ ਕਿ ਹਰਪ੍ਰੀਤ ਕੌਰ ਨੇ ਜਾਅਲੀ ਨੋਟਿਸ ਭੇਜ ਕੇ ਉਨ੍ਹਾਂ ਤੋਂ ਪੈਸੇ ਵਸੂਲੇ ਸਨ। ਇਨ੍ਹਾਂ ਮਾਮਲਿਆਂ 'ਚ ਵਿਧਾਇਕ ਰਮਨ ਅਰੋੜਾ ਦਾ ਨਾਮ ਵੀ ਆ ਰਿਹਾ ਹੈ। ਸ਼ਿਕਾਇਤਾਂ ਅਨੁਸਾਰ, ਹਰਪ੍ਰੀਤ ਦਾ ਕੰਮ ਸਿਰਫ਼ ਲੋਕਾਂ ਨੂੰ ਡਰਾ-ਧਮਕਾ ਕੇ ਪੈਸੇ ਵਸੂਲਣਾ ਸੀ, ਜਦੋਂ ਕਿ ਰਮਨ ਅਰੋੜਾ ਵੱਲੋਂ ਉਸ ਨੂੰ ਬਚਾਇਆ ਜਾ ਰਿਹਾ ਸੀ।

ਨਿਗਮ ਦੇ ਹੋਰ ਅਧਿਕਾਰੀ ਜਾਂਚ 'ਚ ਸ਼ਾਮਲ

ਵਿਜੀਲੈਂਸ ਟੀਮ ਜਲਦੀ ਹੀ ਨਗਰ ਨਿਗਮ ਦੇ ਹੋਰ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਜਾਂਚ 'ਚ ਸ਼ਾਮਲ ਕਰ ਸਕਦੀ ਹੈ। ਜਾਂਚ 'ਚ ਖੁਲਾਸਾ ਹੋਇਆ ਹੈ ਕਿ ਏਟੀਪੀ ਬਣ ਕੇ ਗੈਰ-ਕਾਨੂੰਨੀ ਪੈਸੇ ਵਸੂਲਣ ਤੇ ਵਿਧਾਇਕ ਨੂੰ ਭੇਜਣ ਵਾਲੀ ਹਰਪ੍ਰੀਤ ਕੌਰ ਤੋਂ ਇਲਾਵਾ ਕਈ ਹੋਰ ਲੋਕ ਵੀ ਇਹ ਕੰਮ ਕਰਦੇ ਸਨ। ਦੱਸਿਆ ਜਾ ਰਿਹਾ ਹੈ ਕਿ ਹਰਪ੍ਰੀਤ ਆਪਣੇ ਨਾਲ ਕੰਮ ਕਰਨ ਵਾਲੇ ਲੋਕਾਂ ਨੂੰ ਜਾਂ ਫਿਰੌਤੀ ਤੇ ਡਰਾਉਣ-ਧਮਕਾਉਣ ਲਈ ਭੇਜਦੀ ਸੀ। ਅਜਿਹੀ ਸਥਿਤੀ 'ਚ, ਉਸ ਤੋਂ ਪੁੱਛਗਿੱਛ ਕਰਨ ਤੋਂ ਬਾਅਦ, ਵਿਜੀਲੈਂਸ ਉਸ ਨਾਲ ਕੰਮ ਕਰਨ ਵਾਲਿਆਂ ਨੂੰ ਬੁਲਾ ਕੇ ਜਾਂਚ 'ਚ ਸ਼ਾਮਲ ਕਰੇਗੀ ਤੇ ਜੋ ਵੀ ਗਲਤ ਪਾਇਆ ਜਾਵੇਗਾ, ਉਸ ਵਿਰੁੱਧ ਕਾਰਵਾਈ ਕੀਤੀ ਜਾਵੇਗੀ।

ਵਿਆਹ ਦਾ ...

ਜੁਲਾਈ 2023 ਵਿਚ ਇਕ ਵਿਅਕਤੀ ਖਿਲਾਫ਼ ਜਬਰ ਜਨਾਹ, ਗ਼ੈਰ-ਕੁਦਰਤੀ ਜਿਣਸੀ ਸੰਬੰਧ ਤੇ ਅਪਰਾਧਕ ਧਮਕੀ ਦਾ ਮਾਮਲਾ ਦਰਜ ਕੀਤਾ ਗਿਆ ਸੀ।

ਐਫਆਈਆਰ ਅਨੁਸਾਰ, ਔਰਤ ਨੇ ਕਿਹਾ ਕਿ ਮੁਲਜ਼ਮ ਨੇ ਵਿਆਹ ਦੇ ਝਾਂਸੇ 'ਚ ਉਸਨੂੰ ਵੱਖ-ਵੱਖ ਲੌਂਜਾਂ 'ਚ ਲਿਜਾ ਕੇ ਜਬਰ ਜਨਾਹ ਕੀਤਾ, ਪੈਸੇ ਉਧਾਰ ਲਏ ਤੇ ਉਸ ਦੀ ਕਾਰ ਵੀ ਵਰਤੀ। ਹਾਲਾਂਕਿ ਬਾਅਦ 'ਚ ਧਰਮ ਵੱਖਰਾ ਹੋਣ ਦਾ ਹਵਾਲਾ ਦੇ ਕੇ ਵਿਆਹ ਤੋਂ ਇਨਕਾਰ ਕਰ ਦਿੱਤਾ ਤੇ ਸਾਰੇ ਸੰਪਰਕ ਖਤਮ ਕਰ ਦਿੱਤੇ।

ਹਾਲਾਂਕਿ ਮੁਲਜ਼ਮ ਦੀ ਦਲੀਲ ਸੀ ਕਿ ਔਰਤ ਨੇ ਹੀ ਰਿਸ਼ਤਾ ਸ਼ੁਰੂ ਕੀਤਾ ਸੀ ਤੇ ਉਸਨੇ ਧਮਕੀ ਵੀ ਦਿੱਤੀ ਸੀ। ਇਹ ਇਲਜ਼ਾਮ ਐਫਆਈਆਰ ਰੱਦ ਕਰਨ ਲਈ ਬੰਬੇ ਹਾਈ ਕੋਰਟ 'ਚ ਪਹੁੰਚਿਆ ਸੀ ਤੇ ਉੱਥੋਂ ਨਿਰਾਸ਼ਾ ਮਿਲਣ 'ਤੇ ਸੁਪਰੀਮ ਕੋਰਟ 'ਚ ਪਹੁੰਚਿਆ ਸੀ। ਇਸ ਤੋਂ ਬਾਅਦ ਸੁਪਰੀਮ ਕੋਰਟ ਨੇ ਵਿਅਕਤੀ ਖਿਲਾਫ਼ ਅਪਰਾਧਕ ਕਾਰਵਾਈ ਨੂੰ ਖਾਰਜ ਕਰ ਦਿੱਤਾ।

ਜੱਜ ਬੀਵੀ ਨਾਗਰਤਨਾ ਤੇ ਸਤੀਸ਼ ਚੰਦਰ ਸ਼ਰਮਾ ਦੀ ਬੈਂਚ ਨੇ ਕਿਹਾ ਕਿ ਔਰਤ ਮੁਲਜ਼ਮ ਨਾਲ ਲੰਬੇ ਸਮੇਂ ਤਕ ਰਿਸ਼ਤੇ 'ਚ ਸੀ। ਇਸ ਦੌਰਾਨ ਉਸਦਾ ਤਲਾਕ ਵੀ ਨਹੀਂ ਹੋਇਆ ਸੀ। ਅਦਾਲਤ ਨੇ ਕਿਹਾ ਕਿ ਮੁਲਜ਼ਮ ਨਾਲ ਲੌਜ 'ਚ ਜਾਣ ਅਤੇ ਰਿਸ਼ਤੇ ਬਣਾਉਣ ਦਾ ਫੈਸਲਾ ਇਸ ਦਾਅਵੇ ਨੂੰ ਖਾਰਜ ਕਰਦਾ ਹੈ ਕਿ ਉਸ ਨਾਲ ਜ਼ਬਰਦਸਤੀ ਕੀਤੀ ਗਈ ਸੀ। ਸੁਪਰੀਮ ਕੋਰਟ ਨੇ ਕਿਹਾ ਕਿ ਔਰਤ ਪਹਿਲਾਂ ਹੀ ਕਿਸੇ ਹੋਰ ਦੀ ਪਤਨੀ ਸੀ, ਇਸ ਲਈ ਇਹ ਸਵਾਲ ਹੀ ਨਹੀਂ ਉੱਠਦਾ ਕਿ ਉਸ ਨਾਲ ਵਿਆਹ ਦੇ ਝਾਂਸੇ 'ਚ ਰਿਸ਼ਤੇ ਬਣਾਏ ਗਏ। ਬੈਂਚ ਨੇ ਕਿਹਾ ਕਿ ਔਰਤ ਨੇ ਵਿਆਹ ਬਾਹਰੀ ਰਿਸ਼ਤਾ ਸ਼ੁਰੂ ਹੋਣ ਦੇ ਲਗਪਗ 6 ਮਹੀਨੇ ਬਾਅਦ ਤਲਾਕ ਲਿਆ ਸੀ। ਇਸ ਲਈ ਵਿਅਕਤੀ ਖਿਲਾਫ਼ ਕੇਸ ਨਹੀਂ ਬਣਦਾ।

ਮੰਡੀ ਚ ...

ਸ਼੍ਰੀ ਹਰਵੰਸ਼ ਸਿੰਘ ਵਾਸੀ ਲੁਧਿਆਣਾ, ਉਮੇਸ਼ ਕੁਮਾਰ ਪੁੱਤਰ ਸ਼੍ਰੀ ਰਾਜਾ ਰਾਮ ਜੀਟੀ ਰੋਡ ਪ੍ਰਤਾਪ ਨਗਰ ਅੰਮ੍ਰਿਤਸਰ, ਸਾਗਰ ਪੁੱਤਰ ਸ਼੍ਰੀ ਸੁਰੇਂਦਰ ਕੁਮਾਰ ਵਾਸੀ ਪਿੰਡ ਅਤੇ ਡਾਕਘਰ ਫਿਰੋਜ਼ਪੁਰ ਜ਼ਿਲ੍ਹਾ ਅੰਮ੍ਰਿਤਸਰ ਅਤੇ 2 ਹੋਰ ਵਿਅਕਤੀ ਜਿਨ੍ਹਾਂ ਦੀ ਅਜੇ ਤੱਕ ਪਛਾਣ ਨਹੀਂ ਹੋ ਸਕੀ, ਦੀ ਮੌਕੇ 'ਤੇ ਹੀ ਮੌਤ ਹੋ ਗਈ। ਗੱਡੀ ਦਾ ਡਰਾਈਵਰ ਦਲਜੀਤ ਪੁੱਤਰ ਸ਼੍ਰੀ ਜਗਤਾਰ ਸਿੰਘ ਵਾਸੀ ਪਿੰਡ ਮਲੀਆ, ਜ਼ਿਲ੍ਹਾ ਤਰਨਤਾਰਨ ਜ਼ਖ਼ਮੀ ਹੋ ਗਿਆ ਤੇ ਜ਼ੋਨਲ ਹਸਪਤਾਲ ਮੰਡੀ ਵਿਖੇ ਇਲਾਜ ਅਧੀਨ ਹੈ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

ਦੱਸ ਦਈਏ ਕਿ ਗੱਡੀ ਦੇ ਡਰਾਈਵਰ ਦੀ ਪਛਾਣ ਗੁਰਚਰਨ ਸਿੰਘ ਵਾਸੀ ਤਰਨਤਾਰਨ ਵਜੋਂ ਹੋਈ ਹੈ, ਜੋ ਮਜ਼ਦੂਰਾਂ ਨਾਲ ਪੰਜਾਬ ਤੋਂ ਟੈਂਟ ਦਾ ਸਾਮਾਨ ਲੈ ਕੇ ਆਈਆਈਟੀ ਮੰਡੀ ਜਾ ਰਿਹਾ ਸੀ। ਐਸਐਚਓ ਪਧਰ ਸੌਰਭ ਨੇ ਕਿਹਾ ਕਿ ਪੁਲਿਸ ਹਾਦਸੇ ਦੇ ਕਾਰਨਾਂ ਦੀ ਜਾਂਚ ਕਰ ਰਹੀ ਹੈ।

ਅਮਨਦੀਪ ਕੌਰ ...

ਹਾਰ ਤੋਂ ਬਾਅਦ, ਆਮ ਆਦਮੀ ਪਾਰਟੀ ਪੰਜਾਬ ਵਿੱਚ ਕਿਸੇ ਵੀ ਤਰ੍ਹਾਂ ਦੀ ਨਰਮੀ ਨਹੀਂ ਵਰਤ ਰਹੀ ਹੈ। ਨਤੀਜਿਆਂ ਤੋਂ ਤੁਰੰਤ ਬਾਅਦ, ਦਿੱਲੀ ਦੇ ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੂੰ ਪੰਜਾਬ ਦਾ ਇੰਚਾਰਜ ਨਿਯੁਕਤ ਕੀਤਾ ਗਿਆ। ਇਸ ਤੋਂ ਬਾਅਦ, ਉਹਨਾਂ ਨੇ ਲਗਾਤਾਰ ਸਾਰੇ ਸਰਕਲਾਂ ਦਾ ਦੌਰਾ ਕੀਤਾ ਹੈ ਅਤੇ ਫੀਡਬੈਕ ਲਿਆਇਆ ਹੈ। ਇਸ ਤੋਂ ਇਲਾਵਾ, ਉਦੋਂ ਤੋਂ ਸੰਗਠਨ ਦਾ ਵਿਸਤਾਰ ਕੀਤਾ ਗਿਆ ਹੈ। ਇਸ ਸਮੇਂ ਦੌਰਾਨ, ਬੋਰਡ ਅਤੇ ਕਾਰਪੋਰੇਸ਼ਨ ਦੇ ਚੇਅਰਮੈਨ ਅਤੇ ਵਾਈਸ ਚੇਅਰਮੈਨ ਨਿਯੁਕਤ ਕੀਤੇ ਗਏ ਹਨ। ਇਸ ਤੋਂ ਬਾਅਦ, ਸੰਗਠਨ ਵਿੱਚ ਹੋਰ ਸਰਕਲਾਂ ਦੇ ਇੰਚਾਰਜ ਨਿਯੁਕਤ ਕੀਤੇ ਗਏ ਹਨ। ਇਸ ਦੇ ਨਾਲ ਹੀ, ਪਾਰਟੀ ਸਾਰੇ ਹਲਕਿਆਂ ਤੋਂ ਫੀਡਬੈਕ ਲੈ ਰਹੀ ਹੈ।

_ਪੀਆਰਟੀਸੀ ...

ਨਵਦੀਪ ਸਿੰਘ ਨੇ ਕਿਹਾ ਕਿ ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ ਅਤੇ ਨੌਜਵਾਨਾਂ ਦੇ ਪਰਿਵਾਰਾਂ ਦੇ ਬਿਆਨਾਂ ਦੇ ਆਧਾਰ 'ਤੇ ਕਾਰਵਾਈ ਕੀਤੀ ਜਾਵੇਗੀ।

# ਦਿੱਲੀ-ਐਨਸੀਆਰ ਵਿੱਚ ਮੌਸਮ ਫਿਰ ਬਦਲਿਆ, ਤੇਜ਼ ਤੂਫ਼ਾਨ ਅਤੇ ਮੀਂਹ



**ਨਵੀਂ ਦਿੱਲੀ।** ਦਿੱਲੀ ਐਨਸੀਆਰ ਵਿੱਚ ਇੱਕ ਵਾਰ ਫਿਰ ਮੌਸਮ ਬਦਲ ਗਿਆ ਹੈ। ਐਤਵਾਰ ਸ਼ਾਮ ਨੂੰ ਦਿੱਲੀ ਅਤੇ ਆਸ-ਪਾਸ ਦੇ ਇਲਾਕਿਆਂ ਵਿੱਚ ਤੇਜ਼ ਤੂਫ਼ਾਨ ਨਾਲ ਮੀਂਹ ਸ਼ੁਰੂ ਹੋ ਗਿਆ। ਸ਼ਾਮ 5 ਵਜੇ ਦੇ ਕਰੀਬ 76 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਹਵਾਵਾਂ ਚੱਲੀਆਂ। ਕਈ ਥਾਵਾਂ 'ਤੇ ਹਲਕੀ ਤੋਂ ਦਰਮਿਆਨੀ ਅਤੇ ਭਾਰੀ ਬਾਰਿਸ਼ ਵੀ ਦੇਖੀ ਗਈ ਹੈ। ਸ਼ਾਮ ਨੂੰ ਦਿੱਲੀ ਅਤੇ ਆਸ-ਪਾਸ ਦੇ ਇਲਾਕਿਆਂ ਵਿੱਚ ਹਨੇਰਾ ਛਾ ਗਿਆ। ਕਈ ਥਾਵਾਂ 'ਤੇ ਤੇਜ਼ ਤੂਫ਼ਾਨ ਕਾਰਨ ਨੁਕਸਾਨ ਦੀਆਂ ਖ਼ਬਰਾਂ ਹਨ। ਮੌਸਮ ਵਿਭਾਗ ਨੇ ਪਹਿਲਾਂ ਹੀ ਦਿੱਲੀ ਅਤੇ ਆਸ-ਪਾਸ ਦੇ ਇਲਾਕਿਆਂ ਵਿੱਚ ਤੇਜ਼ ਤੂਫ਼ਾਨ ਅਤੇ ਮੀਂਹ ਲਈ ਚੇਤਾਵਨੀ ਜਾਰੀ ਕੀਤੀ ਸੀ। ਦਿੱਲੀ ਦੇ ਪ੍ਰਗਤੀ ਮੈਦਾਨ ਵਿੱਚ 76 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਹਵਾਵਾਂ ਚੱਲੀਆਂ। ਨੋਇਡਾ ਅਤੇ ਗਾਜ਼ੀਆਬਾਦ ਖੇਤਰਾਂ ਵਿੱਚ ਵੀ 65 ਤੋਂ 75 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਹਵਾਵਾਂ ਚੱਲੀਆਂ। ਕਈ ਥਾਵਾਂ 'ਤੇ ਦਰੱਖਤ ਡਿੱਗਣ ਅਤੇ ਵਾਹਨਾਂ ਦੇ ਨੁਕਸਾਨੇ ਜਾਣ ਦੀਆਂ ਰਿਪੋਰਟਾਂ ਹਨ। ਸੁਰੱਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ, ਬਿਜਲੀ ਵਿਭਾਗ ਨੇ ਕਈ ਇਲਾਕਿਆਂ ਵਿੱਚ ਬਿਜਲੀ ਸਪਲਾਈ ਬੰਦ ਕਰ ਦਿੱਤੀ ਹੈ। ਦਿੱਲੀ ਦੇ ਪਾਲਮ, ਝੜੋਦਾ ਕਲਾਂ, ਸਫਦਰਜੰਗ ਸਮੇਤ ਕਈ ਇਲਾਕਿਆਂ ਵਿੱਚ ਸ਼ਾਮ 4.30 ਵਜੇ ਦੇ ਕਰੀਬ 37 ਤੋਂ 65 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਹਵਾਵਾਂ ਚੱਲੀਆਂ। ਭਾਰੀ ਮੀਂਹ ਕਾਰਨ ਕਈ ਸੜਕਾਂ 'ਤੇ ਪਾਣੀ ਵੀ ਭਰ ਗਿਆ ਹੈ। ਮੌਸਮ ਵਿਭਾਗ ਨੇ ਦਿੱਲੀ ਐਨਸੀਆਰ ਵਿੱਚ ਭਾਰੀ ਮੀਂਹ ਅਤੇ ਤੇਜ਼ ਗਰਜ ਲਈ ਪੀਲਾ ਅਲਰਟ ਜਾਰੀ ਕੀਤਾ ਹੈ। ਮੌਸਮ ਵਿਭਾਗ ਅਨੁਸਾਰ, ਅਗਲੇ ਤਿੰਨ ਦਿਨਾਂ ਤੱਕ ਇਸ ਖੇਤਰ ਵਿੱਚ ਤੇਜ਼ ਗਰਜ ਅਤੇ ਮੀਂਹ ਪੈਣ ਦੀ ਸੰਭਾਵਨਾ ਹੈ। ਮੌਸਮ ਵਿਭਾਗ ਨੇ ਦਿੱਲੀ ਵਿੱਚ ਤੇਜ਼ ਗਰਜ ਨੂੰ ਲੈ ਕੇ ਇੱਕ ਤੋਂ ਦੋ ਘੰਟਿਆਂ ਲਈ ਸੰਤਰੀ ਅਲਰਟ ਜਾਰੀ ਕੀਤਾ ਹੈ।

## ਟੀ ਬੀ ਐਸ ਇੰਟਰਨੈਸ਼ਨਲ ਸਕੂਲ ਵਿਖੇ ਅਧਿਆਪਕਾਂ ਅਤੇ ਮਾਪਿਆਂ ਦੀ ਮੀਟਿੰਗ ਹੋਈ



**ਜ਼ੀਰਾ - ( ਅੰਗਰੇਜ਼ ਬਰਾੜ)** – ਫਿਰੋਜ਼ਪੁਰ ਮੋਗਾ ਰੋਡ ’ਤੇ ਸਥਿਤ ਟੀ ਬੀ ਐੱਸ ਇੰਟਰਨੈਸ਼ਨਲ ਸਕੂਲ ਫਿਰੋਜ਼ਸ਼ਾਹ ਵਿਖੇ ਚੇਅਰਮੈਨ ਡਾ ਹੀਰਾ ਲਾਲ ਸ਼ਰਮਾ, ਵਾਈਸ ਚੇਅਰਮੈਨ ਵਿਭੋਰ ਸ਼ਰਮਾ, ਜਨਰਲ ਸਕੱਤਰ ਸ਼ਿਵਮ ਸ਼ਰਮਾ ਅਤੇ ਮੈਨੇਜਿੰਗ ਡਾਇਰੈਕਟਰ ਦੀਪਾਲੀ ਸ਼ਰਮਾ ਦੇ ਨਿਰਦੇਸ਼ਾਂ ’ਤਹਿਤ ਮਾਪੇ-ਅਧਿਆਪਕ ਮੀਟਿੰਗ ਦਾ ਆਯੋਜਨ ਕੀਤਾ ਗਿਆ। ਜਾਣਕਾਰੀ ਦਿੰਦੇ ਹੋਏ ਸਕੂਲ ਪ੍ਰਿੰਸੀਪਲ ਰੇਖਾ ਪਾਸੀ ਨੇ ਕਿਹਾ ਕਿ ਪੀ ਟੀ ਐਮ ਦਾ ਉਦੇਸ਼ ਮਾਪਿਆਂ ਨੂੰ ਪੀ ਟੀ-1 ਦੀਆਂ ਪ੍ਰੀਖਿਆਵਾਂ ਦੇ ਨਤੀਜਿਆਂ ਬਾਰੇ ਜਾਣਕਾਰੀ ਦੇਣਾ ਹੈ। ਮਾਪਿਆਂ ਨੂੰ ਪ੍ਰੀਖਿਆਵਾਂ ਵਿੱਚ ਵਿਦਿਆਰਥੀਆਂ ਦੁਆਰਾ ਪ੍ਰਾਪਤ ਕੀਤੇ ਅੰਕਾਂ ਅਤੇ ਕਲਾਸ ਵਿੱਚ ਉਨ੍ਹਾਂ ਦੇ ਪ੍ਰਦਰਸ਼ਨ ਬਾਰੇ ਜਾਣਕਾਰੀ ਦਿੱਤੀ ਗਈ। ਮੈਡਮ ਰੇਖਾ ਪਾਸੀ ਨੇ ਕਿਹਾ ਕਿ ਇਸ ਪੀ ਟੀ ਐਮ ਰਾਹੀਂ ਮਾਪਿਆਂ ਨੂੰ ਉਨ੍ਹਾਂ ਦੇ ਬੱਚਿਆਂ ਦੀ ਪੜ੍ਹਾਈ ਦੇ ਪੱਧਰ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ ਗਈ ਤਾਂ ਜੋ ਵਿਦਿਆਰਥੀ ਚੰਗੇ ਨੰਬਰ ਲੈਕੇ ਭਵਿੱਖ ਵਿੱਚ ਚੰਗਾ ਮੁਕਾਮ ਹਾਸਿਲ ਕਰ ਸਕਣ। ਇਸ ਦੇ ਨਾਲ ਹੀ ਬੱਚਿਆਂ ਦੀ ਪੜ੍ਹਾਈ ਸਬੰਧੀ ਅਧਿਆਪਕਾਂ ਅਤੇ ਮਾਪਿਆਂ ਵਿਚਕਾਰ ਤਾਲਮੇਲ ਵੀ ਚੰਗੇ ਨਤੀਜੇ ਲਿਆਉਣ ਵਿੱਚ ਮਦਦ ਕਰਦਾ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਆਉਣ ਵਾਲੀਆਂ ਟਰਮ-1 ਪ੍ਰੀਖਿਆਵਾਂ ਵਿੱਚ ਵਧੇਰੇ ਲਗਨ ਅਤੇ ਮਿਹਨਤ ਨਾਲ ਪੜ੍ਹਾਈ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਸਕੂਲ ਸਟਾਫ਼ ਅਤੇ ਬੱਚਿਆਂ ਦੇ ਮਾਪੇ ਮੌਜੂਦ ਸਨ।

# ਪੰਥਕ ਜਥੇਬੰਦੀਆਂ ਨੇ ਘੱਲੂਘਾਰਾ ਹਫਤੇ ਦੀ ਆਂਰਭਤਾ ਤੇ ਭਾਈ ਮਹਿੰਗਾ ਸਿੰਘ ਬੱਬਰ ਅਤੇ ਸਮੂਹ ਸ਼ਹੀਦਾਂ ਦੇ ਨਮਿਤ ਕੀਤੀ ਅਰਦਾਸ





**ਅੰਮ੍ਰਿਤਸਰ** - ਜਥੇਦਾਰ ਹਵਾਰਾ ਕਮੇਟੀ ਨੇ ਸ਼੍ਰੋਮਣੀ ਕਮੇਟੀ, ਸ੍ਰੀ ਦਰਬਾਰ ਸਾਹਿਬ ਅਤੇ ਪੰਥਕ ਜਥੇਬੰਦੀਆਂ ਦੇ ਸਹਿਯੋਗ ਨਾਲ ਜੂਨ 84 ਦੇ ਫ਼ੌਜੀ ਹਮਲੇ ਦੇ ਪਹਿਲੇ ਸ਼ਹੀਦ ਭਾਈ ਮਹਿੰਗਾ ਸਿੰਘ ਬੱਬਰ ਅਤੇ ਸਮੂਹ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਸ਼ਹੀਦੀ ਸਮਾਗਮ ਗੁ.ਬਾਬਾ ਅਟੱਲ ਰਾਇ ਸਾਹਿਬ ਵਿਖੇ ਕਰਵਾਇਆ। ਇਸ ਮੌਕੇ ਅਖੰਡ ਕੀਰਤਨੀ ਜਥਾ, ਦਮਦਮੀ ਟਕਸਾਲ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਸ਼੍ਰੋਮਣੀ ਅਕਾਲੀ ਦਲ ਵਾਰਿਸ ਪੰਜਾਬ ਅਤੇ ਪੰਥਕ ਸੇਵਕ ਜਥੇ ਨੇ ਸਮਾਗਮ ਵਿੱਚ ਸ਼ਮੂਲੀਅਤ ਕੀਤੀ। ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਭਾਈ ਹਰਿਸਿਮਰਨਜੀਤ ਸਿੰਘ ਦੇ ਜਥੇ ਨੇ ਇਲਾਹੀ ਬਾਣੀ ਦੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਸੱਚਖੰਡ ਸ਼੍ਰੀ ਦਰਬਾਰ ਸਾਹਿਬ ਦੇ ਸਿੰਘ ਸਾਹਿਬ ਗਿਆਨੀ ਪ੍ਰਵਿੰਦਰਪਾਲ ਸਿੰਘ ਨੇ ਭਾਈ ਮਹਿੰਗਾ ਸਿੰਘ ਬੱਬਰ ਅਤੇ ਸਮੂਹ ਸ਼ਹੀਦਾਂ ਨੂੰ ਸ਼ਰਧਾਜਲੀ ਦੇਂਦੇ ਹੋਏ ਕਿਹਾ ਕਿ ਸਿੱਖ ਕੌਮ ਨੂੰ ਬਾਣੀ ਤੇ ਬਾਣੇ ਦਾ ਧਾਰਨੀ ਹੋਣਾ ਜ਼ਰੂਰੀ ਹੈ।

ਇਸ ਮੌਕੇ ਸ਼ਹੀਦਾਂ ਦੇ ਪਰਿਵਾਰਾਂ ਨੂੰ ਸਨਮਾਨਿਤ ਕੀਤਾ ਗਿਆ ਜਿਨ੍ਹਾਂ ਵਿੱਚ ਦਵਿੰਦਰ ਸਿੰਘ ਭਰਾਤਾ ਸ਼ਹੀਦ ਮਹਿੰਗਾ ਸਿੰਘ, ਬੇਅੰਤ ਸਿੰਘ ਭਰਾਤਾ ਸ਼ਹੀਦ ਜਨਰਲ ਸ਼ਾਬੇਗ ਸਿੰਘ, ਕੁਲਦੀਪ ਸਿੰਘ ਪੁੱਤਰ ਸ਼ਹੀਦ ਮੇਜਰ ਸਿੰਘ ਨਾਗੋਕੇ, ਸਤਵੰਤ ਸਿੰਘ ਪੁੱਤਰ ਸ਼ਹੀਦ ਕੇਹਰ ਸਿੰਘ, ਹਰਦੀਪ ਸਿੰਘ ਭਰਾਤਾ ਸ਼ਹੀਦ ਅਨੋਖ ਸਿੰਘ ਬੱਬਰ ਸ਼ਾਮਲ ਹਨ। ਉਪਰੰਤ ਸੰਗਤਾਂ ਸ਼੍ਰੀ ਅਕਾਲ ਤਖਤ ਸਾਹਿਬ ਵਿੱਖੇ ਨਤਮਸਤਕ ਹੋਈਆਂ ਜਿੱਥੇ ਸਿੰਘ ਸਾਹਿਬ ਮਲਕੀਤ ਸਿੰਘ ਹੈੱਡ ਗ੍ਰੰਥੀ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਸ਼ਹੀਦਾਂ ਦੇ ਨਮਿਤ ਅਰਦਾਸ ਕੀਤੀ। ਪ੍ਰੋ. ਬਲਜਿੰਦਰ ਸਿੰਘ ਨੇ ਦੱਸਿਆ ਕਿ ਇਸ ਮੌਕੇ ਤੇ ਸ਼੍ਰੋਮਣੀ ਕਮੇਟੀ ਮੈਂਬਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਮੈਨੇਜਰ ਰਜਿੰਦਰ ਸਿੰਘ ਰੂਬੀ ਵਿਸ਼ੇਸ਼ ਤੌਰ ਤੇ ਹਾਜ਼ਰ ਸਨ। ਇਸਦੇ ਇਲਾਵਾ ਪੰਜ ਪਿਆਰੇ ਸਤਨਾਮ ਸਿੰਘ ਖੰਡਾ, ਗਿਆਨੀ ਤੇਜਬੀਰ ਸਿੰਘ ਟਕਸਾਲ, ਮਹਾਂਬੀਰ ਸਿੰਘ ਸੁਲਤਾਨਵਿੰਡ, ਰਜਿੰਦਰ ਸਿੰਘ ਮੁਗਲਵਾਲ, ਬਲਦੇਵ ਸਿੰਘ ਨਵਾਂਪਿੰਡ, ਸੁਖਦੀਪ ਸਿੰਘ ਮੀਕੇ, ਡਾ. ਕੰਵਲਜੀਤ ਸਿੰਘ, ਪ੍ਰਗਟ ਸਿੰਘ ਚੋਗਾਵਾਂ, ਉਪਕਾਰ ਸਿੰਘ ਸੰਧੂ, ਹਰਪਾਲ ਸਿੰਘ ਬਲੇਰ, ਮੋਹਕਮ ਸਿੰਘ, ਨਰਿੰਦਰ ਸਿੰਘ ਗਿੱਲ, ਪ੍ਰਤਾਪ ਸਿੰਘ ਕਾਲੀਆਂ, ਗੁਰਦੀਪ ਸਿੰਘ ਭਰਾਤਾ ਸ਼ਹੀਦ ਭੁਪਿੰਦਰ ਸਿੰਘ, ਅਰਜਨ ਸਿੰਘ ਸ਼ੇਰਗਿੱਲ, ਸਰਬਜੀਤ ਸਿੰਘ ਕਾਲੀਆਂ, ਸਵਰਨਜੀਤ ਸਿੰਘ ਕੁਰਾਲੀਆ, ਜੁਗਰਾਜ ਸਿੰਘ ਪੱਟੀ, ਰਘਬੀਰ ਸਿੰਘ ਭੁੱਚਰ, ਭੁਪਿੰਦਰ ਸਿੰਘ ਸਰਪੰਚ, ਸਤਜੋਤ ਸਿੰਘ ਮੂਧਲ, ਸਤਨਾਮ ਸਿੰਘ ਕਾਹਲੋਂ, ਰਾਗੀ ਸੁਰਿੰਦਰ ਸਿੰਘ, ਬੀਬੀ ਮਨਿੰਦਰ ਕੌਰ, ਹਰਪਾਲ ਸਿੰਘ ਖਾਲਿਸਤਾਨੀ, ਗੁਰਦੀਪ ਸਿੰਘ ਮਟੀਆ, ਹਰਮਨਦੀਪ ਸਿੰਘ, ਗੁਰਬਖ਼ਸ਼ ਸਿੰਘ ਬੱਗਾ, ਜਸਬੀਰ ਸਿੰਘ ਸੇਠੀ, ਮਾਸਟਰ ਬਲਦੇਵ ਸਿੰਘ, ਜੋਗਿੰਦਰ ਸਿੰਘ, ਜਸਬੀਰ ਸਿੰਘ ਖਾਲਸਾ, ਦਲਜੀਤ ਸਿੰਘ ਗਿੱਲ, ਮਨਜੀਤ ਸਿੰਘ ਵੇਰਕਾ, ਜਗਦੀਪ ਸਿੰਘ ਸੋਹੀਆਂ ਆਦਿ ਹਾਜ਼ਰ ਸਨ।

# ਛਾਉਣੀ ਨਿਹੰਗ ਸਿੰਘਾ ਦੀ ਵਿਖੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਹੀਦੀ ਦਿਹਾੜੇ ਨੂੰ ਸਮੱਰਪਿਤ ਸਲਾਨਾਂ ਜੋੜ ਮੇਲਾ ਮਨਾਇਆਂ ਗਿਆ ਤੇ ਮਹੱਲਾ ਵੀ ਕੱਡਿਆ ਗਿਆ

## ਹਰ ਸਾਰ ਦੀ ਇਸ ਵਾਰ ਵੀ ਉਚੇਚੇ ਤੌਰ ਤੇ ਦਲ ਪੰਥ ਸਮੇਤ ਪਹੁੰਚੇ ਸੰਤ ਬਾਬਾ ਤਰਲੋਕ ਸਿੰਘ





**ਝਬਾਲ,ਦਲਜੀਤ ਸਿੰਘ ਚੱਡਾ**

ਦਿੱਲੀ ਤੋ ਲਾਹੋਰ ਰੋਡ ਤੇ ਸਥਿਤ ਗੁਰੂਦੁਆਰਾ ਰੋੜੀ ਸਾਹਿਬ ਛਾਉਣੀ ਨਿਹੰਗ ਸਿੰਘਾਂ 96 ਕਰੌੜੀ ਬੁੱਢਾ ਦਲ ਪੰਵਾ ਤੱਖਤ ਪਿੰਡ ਕੋਟ ਧਰਮਚੰਦ ਕਲਾਂ ਵਿਖੇ ਅੱਜ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸਹੀਦਾ ਦਿਹਾੜਾਂ ਮਨਾਇਆਂ ਜਾਵੇਗਾ। ਉਚੇਚੇ ਤੌਰ ਤੇ ਹਰ ਸਾਲ ਦੀ ਤਰਾਂ ਦਲ ਪੰਥ ਸਮੇਤ ਮਹਾਪੁਰਸ਼ ਜਥੇਦਾਰ ਸੰਤ ਬਾਬਾ ਤਰਲੋਕ ਸਿੰਘ ਜੀ ਖਿਆਲੇ ਵਾਲੇ 30ਤਰੀਕ ਦਿਨ ਸੁੱਕਰਵਾਰ ਨੂੰ ਪਹੁੰਚੇ ਹਨ। 31ਤਰੀਕ ਦਿਨ ਸਨੀਵਾਰ ਨੂੰ ਸਵੇਰੇ ਦਸਮ ਗ੍ਰੰਥ ਜੀ ਦੀ ਬਾਣੀ ਦੇ ਭੋਗ ਪਾਏ ਗਏ ਤੇ ਕਥਾਂ ਕੀਰਤਨ ਹੋਇਆ ਉਪਰੰਤ ਦੀਵਾਨ ਸਜਾਏ ਗਏ ਸੰਗਤਾਂ ਨੂੰ ਗੁਰੂ ਜਸ ਗਾਇਨ



ਕਰਾਇਆ ਗਿਆ ਠੰਢੇ ਮਿੱਠੇ ਜਲ ਦੀਆਂ ਸਬੀਲਾਂ, ਦੇਗਾ ਸਰਦਾਈਆਂ, ਗੁਰੂ ਕੇ ਲੰਗਰ ਸਾਰਾ ਦਿੰਨ ਵਰਤਦੇ ਰਹੇ ਸਾਮ ਦੇ ਟਾਇਮ ਨਿਸਾਨ ਧੌਸਿਆਂ ਦੀ ਤਾਬਿਆਂ ਤਹਿਤ ਘੌੜ, ਦੌੜ, ਗੱਤਕਾ, ਨੇਜਾਬਾਜੀ ਤੇ ਜੰਗਾ ਯੁੱਧਾ ਨੂੰ ਸਮੱਰਪਤ ਨਿਹੰਗ ਸਿੰਘਾਂ ਵੱਲੋ ਮਹੱਲਾ ਖੇਡਿਆਂ ਗਿਆ ਤੇ ਪੂਰੇ ਨਗਰ ਦੀ ਪ੍ਰਕਰਮਾ ਕੀਤੀ ਗਈ। ਛਾਉਣੀ ਦੇ ਮੁਖੀ ਜਥੇਦਾਰ ਸੰਤ ਬਾਬਾ ਮਲਕੀਤ ਸਿੰਘ ਜੀ ਵੱਲੋ ਨਗਰ ਅਤੇ ਇਲਾਕੇ ਦੀਆਂ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ ਤੇ ਜੀ ਆਇਆਂ ਨੂੰ ਆਖਿਆ ਸੰਤ ਬਾਬਾ ਮਲਕੀਤ ਸਿੰਘ ਜੀ ਵੱਲੋ ਸੰਤ ਬਾਬਾ ਤਰਲੋਕ ਸਿੰਘ ਜੀ ਨੂੰ ਸਨਮਾਨਿਤ ਕੀਤਾ ਤੇ ਜੀ ਆਇਆਂ ਨੂੰ ਆਖਿਆ ਝਬਾਲ ਦੀਆਂ ਸੰਗਤਾ ਵੱਲੋ ਜਥੇਦਾਰ ਸੰਤ ਬਾਬਾ ਮਲਕੀਤ ਸਿੰਘ ਜੀ ਤੇ ਜਥੇਦਾਰ ਸੰਤ ਬਾਬਾ ਤਰਲੋਕ ਸਿੰਘ ਜੀ ਨੂੰ ਫੁੱਲਾਂ ਦੇ ਹਾਰਾਂ ਅਤੇ ਸਿਰਪਾਉ ਨਾਲ ਸਨਮਾਨਿਤ ਕੀਤਾ ਗਿਆ ਇਸ ਮੌਕੇ ਸੈਕੜੇ ਸੰਗਤਾ ਹਾਜਰ ਸਨ।

# 18 ਕਰੋੜ ਰੁਪਏ ਨਾਲ ਮੁਕੰਮਲ ਹੋਵੇਗੀ ਗਹਿਰੀ ਮੰਡੀ ਤੋਂ ਮਹਿਤਾ ਨੂੰ ਜੋੜਨ ਵਾਲੀ ਸੜਕ - ਈ ਟੀ ਓ

## ਕੈਬਨਿਟ ਮੰਤਰੀ ਹਰਭਜਨ ਸਿੰਘ ਨੇ ਰੱਖਿਆ ਨੀਂਹ ਪੱਥਰ, ਛੇ ਮਹੀਨਿਆਂ ਵਿੱਚ ਮੁਕੰਮਲ ਹੋਵੇਗੀ ਸੜਕ



**ਜੰਡਿਆਲਾ ਗੁਰੂ (ਗੁਰਦੇਵ ਸਿੰਘ ਮਨਜੋਤਰਾਂ)**

ਕੈਬਨਿਟ ਮੰਤਰੀ ਸ ਹਰਭਜਨ ਸਿੰਘ ਈਟੀਓ ਨੇ ਅੱਜ ਆਪਣੇ ਹਲਕੇ ਦੇ ਮਸ਼ਹੂਰ ਪਿੰਡ ਗਹਿਰੀ ਮੰਡੀ ਤੋਂ ਮਹਿਤਾ ਨੂੰ ਜੋੜਨ ਵਾਲੀ ਸੜਕ ਨੂੰ ਚੌੜਾ ਅਤੇ ਮਜ਼ਬੂਤ ਕਰਨ ਦਾ ਨੀਂਹ ਪੱਥਰ ਰੱਖਿਆ। ਇਸ ਮੌਕੇ ਹੋਏ ਲੋਕਾਂ ਦੇ ਭਰਵੇਂ ਇਕੱਠ ਨੂੰ ਸੰਬੋਧਨ ਕਰਦੇ ਹੋਏ ਕੈਬਨਟ ਮੰਤਰੀ ਹਰਭਜਨ ਸਿੰਘ ਨੇ ਦੱਸਿਆ ਕਿ ਕਰੀਬ 21 ਕਿਲੋਮੀਟਰ ਦੀ ਇਸ ਸੜਕ ਉੱਤੇ ਕੁੱਲ 17.65 ਕਰੋੜ ਰੁਪਏ ਦੀ ਲਾਗਤ ਆਵੇਗੀ ਅਤੇ ਸੜਕ ਨੂੰ ਛੇ ਮਹੀਨਿਆਂ ਵਿੱਚ ਮੁਕੰਮਲ ਕੀਤਾ ਜਾਵੇਗਾ। ਉਹਨਾਂ ਕਿਹਾ ਕਿ ਇਸ ਸੜਕ ਦੇ ਨਿਰਮਾਣ ਨਾਲ ਜੰਡਿਆਲਾ ਹਲਕੇ ਦੇ ਮੁੱਖ ਪਿੰਡ ਡੇਹਰੀਵਾਲ, ਸਰਜਾ, ਬੇਰੀਆਂਵਾਲਾ, ਮਹਿਸਮਪੁਰ, ਕੋਹਾਟਵਿੰਡ ਹਿੰਦੂਆਂ ਦੇ ਵਾਸੀਆ ਨੂੰ ਬਹੁਤ ਹੀ ਲਾਭ ਮਿਲੇਗਾ ਅਤੇ ਰੋਜ਼ਾਨਾ ਦੀ ਆਵਾਜਾਈ ਆਸਾਨ ਹੋਵੇਗੀ। ਉਹਨਾਂ ਦੱਸਿਆ ਕਿ ਅੱਜ ਇਸ ਸੜਕ ਦਾ ਕੇਵਲ ਨੀਂਹ ਪੱਥਰ ਹੀ ਨਹੀਂ ਰੱਖਿਆ ਬਲਕਿ ਜੱਬੋਵਾਲ ਵਿੱਚ ਇਸ ਦਾ ਕੰਮ ਸ਼ੁਰੂ ਹੋ ਚੁੱਕਾ ਹੈ। ਉਹਨਾਂ ਇਸ ਮੌਕੇ ਹਲਕੇ ਦੇ ਹੋਏ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮੈਂ ਤੇ ਮੇਰੀ ਪਾਰਟੀ ਰਾਜਨੀਤੀ ਨਹੀਂ ਕਰਦੇ ਬਲਕਿ ਵਿਕਾਸ ਕਰਦੇ ਹਾਂ ਅਤੇ ਮੇਰੀ ਸੋਚ ਹੈ ਕਿ ਜਿਸ ਭਾਵਨਾ ਨਾਲ ਲੋਕਾਂ ਨੇ ਮੈਨੂੰ ਵੋਟਾਂ ਪਈਆਂ ਹਨ, ਮੈਂ ਉਹਨਾਂ ਦੀ ਸੋਚ ਉੱਤੇ ਪੂਰਾ ਉਤਰ ਸਕਾਂ। ਉਹਨਾਂ ਦੱਸਿਆ ਕਿ ਜੰਡਿਆਲਾ ਗੁਰੂ ਤੋਂ ਤਰਨ ਤਾਰਨ ਸਾਹਿਬ ਨੂੰ ਜਾਣ ਵਾਲੀ ਮੁੱਖ ਸੜਕ ਜੋ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਵਸਾਏ ਹੋਏ ਨਗਰ ਦਾ ਮੁੱਖ ਰਸਤਾ ਹੈ, ਦਾ ਨਾਂ ਪਿਛਲੀ ਸਰਕਾਰ ਵੇਲੇ ਦੇ ਮੰਤਰੀ ਦੇ ਤਤਕਾਲੀਨ ਵਿਧਾਇਕ ਜੋ ਕਿ ਉਹਨਾਂ ਦਾ ਪੁੱਤਰ ਹੈ, ਨੇ ਆਪਣੇ ਪਿਤਾ ਦੇ ਨਾਮ ਉੱਤੇ ਨਿਯਮਾਂ ਵਿੱਚ ਛੇੜਛਾੜ ਕਰਕੇ ਕਰ ਲਿਆ ਸੀ ਪਰ ਮੈਂ ਪਿਛਲੇ ਸਾਲ ਇਸ ਸੜਕ ਨੂੰ ਜਿੱਥੇ ਚੌੜਾ ਕਰਵਾਇਆ ਉਥੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਨਾਮ ਉੱਤੇ ਸੜਕ ਦਾ ਨਾਂ ਰੱਖਿਆ ਅਤੇ ਜੰਡਿਆਲਾ ਵਿਖੇ ਇਹ ਸੜਕ ਉੱਤੇ ਸ਼ਾਨਦਾਰ ਗੇਟ ਉਸਾਰੇ। ਇਸ ਮੌਕੇ ਡਰੇਨ ਉਤੇ ਪੁਲ ਬਨਾਉਣ ਦੀ ਮਨਜ਼ੂਰੀ ਵੀ ਦਿੱਤੀ।

ਇਸ ਮੌਕੇ ਚੇਅਰਮੈਨ ਗੁਰਵਿੰਦਰ ਸਿੰਘ, ਬਲਾਕ ਪ੍ਰਧਾਨ ਗੁਰਜਿੰਦਰ ਸਿੰਘ, ਜਰਮਨਜੀਤ ਸਿੰਘ, ਭੁਪਿੰਦਰ ਸਿੰਘ, ਬਲਰਾਜ ਸਿੰਘ ਤਰਸਿਕਾ, ਚੇਅਰਮੈਨ ਸ਼ਨਾਖ ਸਿੰਘ, ਸਰਪੰਚ ਗੁਰਵਿੰਦਰ ਸਿੰਘ ਬੇਰੀਆਂ, ਚਰਨਜੀਤ ਸਿੰਘ, ਮੁਖਵਿੰਦਰ ਸਿੰਘ ਸਾਬਕਾ ਸਰਪੰਚ ਅਤੇ ਹੋਰ ਪਤਵੰਤੇ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਮਾਤਾ ਰਾਣੀ ਦੇ ਜਗਰਾਤੇ ਵਿੱਚ ਵਿਧਾਇਕ ਕੁੰਵਰ ਵਿਜੇ ਪ੍ਰਤਾਪ ਨੇ ਲਗਵਾਈ ਹਾਜਰੀ

**ਅੰਮ੍ਰਿਤਸਰ**- ਰਜਿੰਦਰ ਨਗਰ ਗਲੀ ਨੰਬਰ 6 ਬਟਾਲਾ ਰੋਡ ਵਿੱਚ ਦਲੀਪ ਸ਼ਰਮਾ ਅਤੇ ਇਲਾਕਾ ਨਿਵਾਸੀਆਂ ਵੱਲੋਂ ਮਾਤਾ ਰਾਣੀ ਦਾ ਸਲਾਨਾ ਜਗਰਾਤਾ ਕਰਵਾਇਆ ਗਿਆ। ਜਿਸ ਵਿੱਚ ਹਲਕਾ ਉਤਰੀ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਆਪਣੀ ਹਾਜਰੀ ਲਗਵਾਈ ਅਤੇ ਮਾਤਾ ਰਾਣੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਕਲੀਨ ਅੰਮ੍ਰਿਤਸਰ ਗ੍ਰੀਨ ਅੰਮ੍ਰਿਤਸਰ ਜਾਗਰੂਕਤਾ



ਅਭਿਆਨ ਦੀ ਟੀਮ ਵਰਿੰਦਰ ਸਿੰਘ ਸਰਪਰਸਤ, ਦਲੀਪ ਸ਼ਰਮਾ, ਰਮਨ ਵੈਦ, ਅਨੁਚ ਖੇਮਕਾ, ਅਨੂ ਦੇਵਰਾਜ, ਪੰਕਜ ਸਹਗਲ, ਰਵੀ ਸ਼ਰਮਾ, ਗੌਰਵ ਪ੍ਰਿੰਜਾ, ਮਨੂ ਸ਼ਰਮਾ,ਤਲਵਿੰਦਰ ਸਿੰਘ ਨੇ ਵਿਧਾਇਕ ਕੁੰਵਰ ਵਿਜੇ ਪ੍ਰਤਾਪ ਸਿੰਘ ਨੂੰ ਸਨਮਾਨਿਤ ਕੀਆ। ਵਿਧਾਇਕ ਕੁੰਵਰ ਵਿਜੇ ਪ੍ਰਤਾਪ ਸਿੰਘ,ਵਰਿੰਦਰ ਸਿੰਘ ਅਤੇ ਰਾਸ਼ਟਰੀ ਹਿੰਦੂ ਚੇਤਨਾ ਮੰਚ ਪੰਜਾਬ ਦੇ ਪ੍ਰਧਾਨ ਅਨੁਚ ਖੇਮਕਾ ਨੇ ਆਖਿਆ ਕੀ ਕਲੀਨ ਅੰਮ੍ਰਿਤਸਰ ਗ੍ਰੀਨ ਅੰਮ੍ਰਿਤਸਰ ਅਭਿਆਨ ਦੀ ਸਾਰੀ ਟੀਮ ਰਾਸ਼ਟਰ ਤੇ ਸਮਾਜ ਅਤੇ ਜਨ ਕਲਿਆਣ ਲਈ ਆਪਣਾ ਯੋਗਦਾਨ ਦਿੰਦੀ ਰਹੇਗੀ। ਇਸ ਅਭਿਆਨ ਉੱਪਰ ਮਾਤਾ ਰਾਣੀ ਦੀ ਪੂਰਾ ਆਸ਼ੀਰਵਾਦ ਹੈ।

# ਜੀ.ਐਸ.ਜੀ.ਐਸ ਤੁੰਗ ਮੈਮੋਰੀਅਲ ਸਕੂਲ ਵਿਖੇ ਡਾ. ਗੁਰਰਤਨ ਸਿੰਘ ਦੀ ਪੁਸਤਕ ਦੀ ਹੋਈ ਘੁੰਡ ਚੁਕਾਈ

**ਅੰਮ੍ਰਿਤਸਰ - (ਅਰਵਿੰਦਰ ਵੜੈਚ)**- ਜੀ.ਐਸ.ਜੀ.ਐਸ. ਤੁੰਗ ਮੈਮੋਰੀਅਲ ਸਕੂਲ, ਮਜੀਠਾ ਰੋਡ ਵਿਖੇ ਉਹਨਾਂ ਦੇ ਮੁੱਖ ਪ੍ਰਬੰਧਕ ਸ. ਸ਼ਮਸ਼ੇਰ ਸਿੰਘ ਕਾਹਲੋ ਜੀ ਦੀ ਰਹਿਨੁਮਾਈ ਹੇਠ ਡਾ.ਗੁਰਰਤਨ ਸਿੰਘ ਜੀ ਦੀ ਪੁਸਤਕ ਡਾ.ਜਸਵੰਤ ਸਿੰਘ ਨੇਕੀ ਕਾਵਿ ਸੁਹਜ ਦ੍ਰਿਸ਼ਟੀ ਅਧਿਐਨ ਦੀ ਘੁੰਡ ਚੁਕਾਈ ਦੀ ਰਸਮ ਸਪੰਨ ਹੋਈ। ਇਸ ਮੌਕੇ ਤੇ ਮੁੱਖ ਮਹਿਮਾਨ ਫੁੱਲਪ੍ਰੀਤ ਸਿੰਘ ਰਹੇ ?। ਇਸ ਮੌਕੇ ਤੇ ਸ. ਸ਼ਮਸ਼ੇਰ ਸਿੰਘ ਜੀ ਕਾਹਲੋ ਸਾਬਕਾ ਪ੍ਰਿੰਸੀਪਲ ਸੰਤ ਸਿੰਘ



ਸੁੱਖਾ ਸਿੰਘ ਖ਼ਾਲਸਾ ਸੀਨੀਅਰ ਸਕੈਂਡਰੀ ਸਕੂਲ ਅੰਮ੍ਰਿਤਸਰ ਵੱਲੋਂ ਡਾ.ਗੁਰਰਤਨ ਸਿੰਘ ਦੇ ਇਸ ਥੀਸਿਸ ਤੇ ਪੁਸਤਕ ਬਣਨ ਦਾ ਸਫ਼ਰ ਸਾਰਿਆਂ ਨਾਲ ਸਾਂਝਾ ਕੀਤਾ ਗਿਆ। ਇਹ ਵੀ ਵਰਣਨਯੋਗ ਹੈ ਕਿ ਇਸ ਪੁਸਤਕ ਦਾ ਮੁੱਖ ਬੰਦ ਵੀ ਸ਼ਮਸ਼ੇਰ ਸਿੰਘ ਜੀ ਨੇ ਹੀ ਲਿਖਿਆ। ਇਸ ਮੌਕੇ ਤੇ ਪੁਸਤਕ ਦੇ ਲੇਖਕ ਡਾ. ਗੁਰਰਤਨ ਸਿੰਘ ਜੀ ਨੇ ਥੋੜੇ ਸ਼ਬਦਾਂ ਵਿੱਚ ਪੁਸਤਕ ਦੇ ਵਿਸ਼ੇ ਤੋਂ ਸਾਰੇ ਹਾਜ਼ਰ ਸਰੋਤਿਆਂ ਨੂੰ ਜਾਣੂ ਕਰਵਾਇਆ ਅਤੇ ਸਰਦਾਰ ਸ਼ਮਸ਼ੇਰ ਸਿੰਘ ਕਾਹਲੋ ਜੀ ਤੇ ਮੌਕੇ ਦੇ ਮੁੱਖ ਮਹਿਮਾਨ ਸ. ਫੁੱਲਪ੍ਰੀਤ ਸਿੰਘ ਜੀ, ਪ੍ਰਿੰਸੀਪਲ ਮਿਸ. ਪੂਨਮ ਭਸੀਨ ਜੀ ਅਤੇ ਵਾਇਸ ਪ੍ਰਿੰਸੀ. ਸ.ਗਗਨਦੀਪ ਸਿੰਘ ਵਿਸ਼ੇਸ਼ ਰੂਪ ਵਿੱਚ ਇਸ ਮੌਕੇ ਨੂੰ ਇੰਨਾ ਪ੍ਰਭਾਵਸ਼ਾਲੀ ਬਣਾਉਣ ਲਈ ਦਿਲੋਂ ਧੰਨਵਾਦ ਕੀਤਾ ਗਿਆ।

# ਤੰਦਰੁਸਤ ਸਮਾਜ ਦੀ ਸਿਰਜਣਾ ਲਈ ਨਸ਼ਿਆਂ ਦੇ ਮੱਕੜ੍ਹ ਜਾਲ ਵਿੱਚ ਫਸ ਚੁੱਕੇ ਨੌਜਵਾਨ ਨੂੰ ਕੱਢਣ ਦੀ ਸਖ਼ਤ ਲੋੜ ਹੈ : ਬਲਜਿੰਦਰ ਸਿੰਘ ਖਾਲਸਾ

## ਆਯੂਰ ਜੀਵਨ ਆਯੂਰਵੈਦਿਕ ਰਿਸਰਚ ਸੈਂਟਰ ਵੱਲੋਂ ਫਰੀ ਨਸ਼ਾ ਛੁਡਾਉ ਕੈਂਪ ਲਗਾਇਆ ਗਿਆ

**ਹੁਸ਼ਿਆਰਪੁਰ - (ਤਰਸੇਮ ਦੀਵਾਨਾ)** ਆਯੂਰ ਜੀਵਨ ਆਯੂਰਵੈਦਿਕ ਰਿਸਰਚ ਸੈਂਟਰ ਵੱਲੋਂ ਪਿਛਲੇ ਕਾਫੀ ਸਮੇਂ ਤੋਂ ਪਿੰਡਾ ਸ਼ਹਿਰਾ ਅਤੇ ਕਸਬਿਆਂ ਦੇ ਵਿੱਚ ਨਸ਼ਿਆਂ ਦੇ ਕਾਰਨ ਮੌਤ ਦੇ ਮੂੰਹ ਵਿੱਚ ਜਾ ਰਹੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਛੁਟਕਾਰਾ ਦਿਵਾਉਣ ਲਈ ਗੁਰਦੁਆਰਾ ਸਿੰਘ ਸਭਾ ਰੇਲਵੇ ਰੋਡ ਹੁਸ਼ਿਆਰਪੁਰ ਵਿਖੇ ਮੁਫਤ ਨਸ਼ਾ ਛੁਡਾਊ ਕੈਂਪ ਲਗਾ ਕੇ ਨਸ਼ਿਆਂ ਦੇ ਮੱਕੜ ਜਾਲ ਵਿੱਚ ਫਸੇ ਹੋਏ ਨੌਜਵਾਨਾਂ ਨੂੰ ਨਸਿਆ ਵਿੱਚੋ ਕੱਢਣ ਲਾਈ ਜਾਗਰੂਕ ਕੀਤਾ ਗਿਆ। ਇਸ ਸਬੰਧੀ ਆਯੂਰ ਜੀਵਨ ਆਯੂਰਵੈਦਿਕ ਰਿਸਰਚ ਸੈਂਟਰ ਦੇ ਐਮਡੀ ਅਤੇ ਦਲ ਖਾਲਸਾ ਦੇ ਜਿਲ੍ਹਾ ਪ੍ਰਧਾਨ ਬਲਜਿੰਦਰ ਸਿੰਘ ਖਾਲਸਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਤੰਦਰੁਸਤ ਸਮਾਜ ਦੀ ਸਿਰਜਣਾ ਦੇ ਲਈ ਨਸ਼ਿਆਂ ਦੀ ਦਲਦਲ ਵਿੱਚ ਫਸ ਚੁੱਕੇ ਨੌਜਵਾਨ ਵਰਗ ਨੂੰ ਇਸ ਵੇਲੇ ਕੱਢਣ ਦੀ ਬਹੁਤ ਹੀ ਸਖ਼ਤ ਲੋੜ ਹੈ ਅਤੇ ਨੌਜਵਾਨਾ ਨੂੰ ਨਸ਼ਿਆਂ ਦੇ ਲਾਉਣ ਵਾਲੇ ਨਸ਼ਾ ਤਸਕਰਾਂ ਦੇ ਖਿਲਾਫ ਸਖਤ ਕਾਰਵਾਈ ਹੋਣੀ ਚਾਹੀਦੀ ਹੈ,ਉਹਨਾ ਕਿਹਾ ਕਿ ਜਿਹੜੇ ਨੌਜਵਾਨ ਨਸ਼ਾ ਛੱਡਣਾ ਚਾਹੁੰਦੇ ਹਨ, ਉਹਨਾਂ ਦਾ ਸਾਡੇ ਵਲੋਂ ਨਸ਼ਾ ਛੱਡਣ ਦੀ ਦਵਾਈ ਦਾ ਕੋਰਸ ਕਰਵਾਇਆ ਜਾ ਰਿਹਾ ਹੈ। ਉਹਨਾਂ ਪਿੰਡਾਂ ਸ਼ਹਿਰਾਂ ਅਤੇ ਕਸਬਿਆਂ ਵਿੱਚ ਬਣੀਆਂ ਜਥੇਬੰਦੀਆਂ ਸਮਾਜਸੇਵੀ ਜਥੇਬੰਦੀਆਂ ਅਤੇ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਪੰਜਾਬ ਦੇ ਤਮਾਮ ਲੋਕ ਨੌਜਵਾਨਾਂ ਨੂੰ ਨਸ਼ਿਆਂ ਦੀ ਦਲਦਲ ਵਿੱਚੋਂ ਕੱਢਣ ਲਈ ਆਪਣਾ ਯੋਗਦਾਨ ਜਰੂਰ ਪਾਉਣ ਤਾਂ ਕਿ ਕਿਸੇ ਦੀ ਜ਼ਿੰਦਗੀ ਬਚ ਸਕੇ ਉਹਨਾਂ ਪੰਜਾਬ ਦੇ ਲੋਕਾਂ ਨੂੰ ਕਿਹਾ ਕਿ ਅੱਜ ਦੇ



ਨੌਜਵਾਨ ਵਰਗ ਨੂੰ ਨਸ਼ਿਆਂ ਦੀ ਥਾਂ ਤੇ ਖੇਡ ਦੇ ਮੈਦਾਨ ਵੱਲ ਤੋਰਿਆ ਜਾਵੇ ਤਾਂ ਬਹੁਤ ਹੀ ਵਧੀਆ ਹੋਵੇਗਾ ਉਹਨਾ ਕਿਹਾ ਕਿ ਆਉ ਰਲਕੇ ਆਪਾ ਇੱਕਠੇ ਹੋ ਕੇ ਨਸ਼ਿਆਂ ਦੇ ਕੋਹੜ ਨੂੰ ਜੜ ਤੋਂ ਖਤਮ ਕਰੀਏ । ਉਹਨਾਂ ਆਖਿਆ ਕਿ ਨਸ਼ਿਆਂ ਦੀ ਅੱਗ ਨੇ ਬਹੁਤ ਸਾਰੇ ਘਰ ਉਜਾੜ ਦਿੱਤੇ ਹਨ, ਮਾਂਵਾਂ ਵਿਲਕ ਰਹੀਆਂ ਹਨ ਅਤੇ 25-30 ਸਾਲ ਦੀਆਂ ਕੁੜੀਆਂ ਚਿੱਟੇ ਕਾਰਨ ਵਿਧਵਾ ਹੋ ਰਹੀਆਂ ਹਨ ਅਤੇ ਬੱਚੇ ਰੁਲ ਰਹੇ ਹਨ। ਉਹਨਾ ਕਿਹਾ ਕਿ ਜਿਸ ਘਰ ਵਿੱਚ ਨਸ਼ੇ ਵੜ ਜਾਂਦੇ ਹਨ, ਉਹ ਘਰ ਆਰਥਿਕ ਪੱਧਰ ’ਤੇ ਤਾਂ ਕਮਜ਼ੋਰ ਹੋ ਜਾਦਾ ਹੈ,ਅਤੇ ਨਾਲ ਹੀ ਬਿਮਾਰੀ ਅਤੇ ਹੋਰ ਅਪਰਾਧਿਕ ਮਾਮਲਿਆਂ ’ਵਿੱਚ ਨਸ਼ੇ ਦੇ ਕਾਰਣ ਹੋਈਆਂ ਉਲਝਣਾ ਕਾਰਨ ਇਕ ਹੱਸਦਾ ਵੱਸਦਾ ਘਰ ਬਰਬਾਦ ਹੋ ਜਾਂਦਾ ਹੈ। ਉਨ੍ਹਾਂ ਕਿਹਾ ਕਿ ਬੱਚਿਆਂ ਨੂੰ ਨਸ਼ਿਆਂ ਦੀ ਅਲਾਮਤ ਤੋਂ ਬਚਾਉਣ ਲਈ ਮਾਪੇ ਸੁਚੇਤ ਰਹਿਣ ਅਤੇ ਬੱਚਿਆਂ ਵੱਲੋਂ ਖਾਂਦੀਆਂ ਜਾਂਦੀਆਂ ਟਾਫੀਆਂ ਤੋਂ ਲੈਕੇ ਹਰੇਕ ਖਾਣ ਪੀਣ ਵਾਲੀ ਵਸਤੂ ਦਾ ਧਿਆਨ ਰੱਖਣ ਅਤੇ ਖਾਸ ਤੌਰ ’ਤੇ ਬੱਚਿਆਂ ਦੀ ਸੰਗਤ ਦਾ ਵੀ ਖਿਆਲ ਰੱਖਿਆ ਜਾਵੇ। ਉਨ੍ਹਾਂ ਕਿਹਾ ਕਿ ਜੇਕਰ ਸਾਰਾ ਪਿੰਡ ਸੁਚੇਤ ਹੋਵੇਗਾ ਤਾਂ ਨਸ਼ਾ ਪਿੰਡ ਵਿੱਚ ਦਾਖਲ ਹੀ ਨਹੀਂ ਹੋਵੇਗਾ ਉਹਨਾਂ ਕਿਹਾ ਕਿ ਨਸ਼ਿਆਂ ਖ਼ ?ਲਾਫ਼ ਵਿੱਢੀ ਗਈ ਇਸ ਲੜਾਈ ਨੂੰ ਜਿੱਤਣ ਲਈ ਸਾਨੂੰ ਇੱਕਜੁੱਟ ਹੋਣਾ ਪਵੇਗਾ ਤਾਂ ਹੀ ਅਸੀਂ ਇਸ ਬੁਰਾਈ ਦਾ ਜੜ੍ਹ ਤੋਂ ਖਾਤਮਾ ਕਰ ਸਕਦੇ ਹਾਂ । ਉਹਨਾਂ ਕਿਹਾ ਕੀ ਨਸ਼ਾ ਛੱਡਣ ਵਾਲੇ ਵਿਅਕਤੀ ਸਾਡੇ ਨਾਲ ਸਾਡੇ ਨੰਬਰ 9501965267 ਤੇ ਸੰਪਰਕ ਕਰ ਸਕਦੇ ਹਨ ! ਇਸ ਮੌਕੇ ਹੋਰਨਾਂ ਤੋ ਇਲਾਵਾ ਸੁਖਵਿੰਦਰ ਸਿੰਘ ਅਸਲਾਮਾਬਾਦ, ਰੋਨੀ ਪਾਬਲਾ, ਤਜਿੰਦਰ ਸਿੰਘ ਪਾਬਲਾ, ਫੂਲ ਸਿੰਘ, ਸੁਰਿੰਦਰਪਾਲ ਸਿੰਘ ਆਦਿ ਹਾਜ਼ਰ ਸਨ !

## ਜਦੋਂ ਝਟਕਾ ਲਗਦਾ ਹੈ !

ਤੁਰਦੀ ਜ਼ਿੰਦਗੀ ਨੂੰ ਜਦੋਂ ਕਦੇ ਝਟਕਾ ਲਗਦਾ ਹੈ ਤਾਂ ਜ਼ਿੰਦਗੀ ਅਰਸ਼ ਤੋਂ ਫਰਸ਼ ਉੱਤੇ ਸਿਰ ਭਾਰ ਡਿੱਗਦੀ ਹੈ, ਫਿਰ ਸਾਰੀ ਜ਼ਿੰਦਗੀ ਬੰਦੇ ਦੇ ਧਰਤੀ ਉੱਤੇ ਪੈਰ ਨਹੀਂ ਲਗਦੇ। ਫਿਰ ਜ਼ਿੰਦਗੀ ਹਰ ਤਰ੍ਹਾਂ ਦੇ ਯਤਨ ਕਰਦੀ ਹੈ, ਪਰ ਜ਼ਿੰਦਗੀ ਕਦੇ ਵੀ ਪੱਬਾਂ ਭਾਰ ਨਹੀਂ ਹੁੰਦੀ।

ਹੁਣ ਜਦੋਂ ਤੇਲ ਦੀਆਂ ਕੀਮਤਾਂ ਵਧੀਆਂ ਤਾਂ ਉਸਨੇ ਤੁਰੀ ਜਾਂਦੀ ਜ਼ਿੰਦਗੀ ਨੂੰ ਝਟਕਾ ਦਿੱਤਾ ਤਾਂ ਕੋਈ ਫ਼ਰਕ ਨਹੀਂ ਪਿਆ। ਨਾ ਤਾਂ ਜ਼ਿੰਦਗੀ ਹੀ ਰੁਕੀ ਹੈ ਤੇ ਨਾ ਕਿਸੇ ਕਿਸਮ ਦਾ ਕੋਈ ਹੋਰ ਨੁਕਸਾਨ ਹੋਇਆ। ਕਿਉਂ ਕਿ ਅਸੀਂ ਗੀਘਣ ਦੇ ਆਦੀ ਹੋ ਗਏ ਹਾਂ ।

ਪਹਿਲਾਂ ਪਹਿਲਾਂ ਤਾਂ ਜਦੋਂ ਸਵੇਰੇ ਉਠ ਕੇ ਅਖ਼ਬਾਰ ਪੜ੍ਹਦੇ ਸੀ ਕਿ ਰਾਤ ਭੂਚਾਲ ਦੇ ਝਟਕੇ ਮਹਿਸੂਸ ਕੀਤੇ, ਤਾਂ ਲੋਕਾਂ ਨੂੰ ਡਰ ਲੱਗਣ ਲੱਗਦਾ ਸੀ ਕਿ ਸ਼ਾਇਦ ਅਗਲੇ ਸਮੇਂ ਜ਼ਿੰਦਗੀ ਦਾ ਸਫ਼ਰ ਹੀ ਮੁੱਕ ਜਾਵੇ। ਪਰ ਇਸ ਵਾਰ ਤਾਂ ਇਹ ਝਟਕਾ ਸੁਨਾਮੀ ਲਹਿਰ ਤੋਂ ਵੀ ਵਧੇਰੇ ਖ਼ਤਰਨਾਕ ਤੇ ਨੁਸਾਨਦੇਹ ਸੀ, ਪਰ ਫ਼ਰਕ ਕੋਈ ਨਹੀਂ ਪਿਆ।

ਉਂਝ ਭਾਵੇਂ ਇਹ ਕੋਈ ਪਹਿਲੀ ਵਾਰ ਝਟਕਾ ਨਹੀਂ ਲਾਇਆ, ਸਗੋਂ ਸਾਡੀ ਜ਼ਿੰਦਗੀ ਨੂੰ ਹਲੂਣਾ ਦੇਣ ਲਈ ਕਈ ਤਰ੍ਹਾਂ ਦੇ ਝਟਕੇ ਦੇ ਕੇ ਪਰਖਿਆ ਤੇ ਪੜਚੋਲਿਆ ਜਾਂਦਾ ਹੈ ਕਿ ਲੋਕ ਕਦੋਂ ਤੱਕ ਜਿਉਂਦੇ ਰਹਿ ਸਕਦੇ ਹਨ। ਜਿਉਂਦੇ ਰੱਖਣ ਲਈ ਤਾਂ ਇਹ ਝਟਕੇ ਦਿੱਤੇ ਜਾਂਦੇ ਹਨ। ਹੁਣ ਤਾਂ ਜਿਵੇਂ ਲੋਕ ਆਦੀ ਹੋ ਗਏ ਹੋਣ, ਝਟਕਾ ਵੱਡਾ ਹੋਵੇ ਜਾਂ ਭਾਵੇਂ ਛੋਟਾ। ਕੋਈ ਫ਼ਰਕ ਨਹੀਂ ਪੈਂਦਾ।

ਝਟਕਿਆਂ ਦੀ ਫਿਰ ਕੋਈ ਕਿਸਮਾਂ ਤੇ ਢੰਗ ਤਰੀਕੇ ਹਨ, ਇਹ ਸਭ ਇਲਾਕਾ , ਰਾਜ, ਮੌਸਮ ਤੇ ਤਾਕਤ ਵੇਖ ਲਗਾਇਆ ਜਾਂਦਾ ਹੈ। ਝਟਕਾ ਲਗਾਉਣ ਵਾਲਿਆਂ ਨੂੰ ਡਾਕਟਰ ਵਾਂਗ ਹਰ ਬੀਮਾਰੀ ਤੇ ਦਵਾਈ ਦਾ ਪਤਾ ਹੁੰਦਾ ਹੈ। ਇਸੇ ਕਰਕੇ ਆਮ ਬੰਦੇ ਨੂੰ ਸਦਾ ਹੀ ਬਲੀ ਦਾ ਬੱਕਰਾ ਸਮਝਿਆ ਜਾਂਦਾ ਹੈ। ਉਸ ਦੀ ਹਾਲਤ ਤਾਂ ਉਸ ਖਰਬੂਜੇ ਵਰਗੀ ਹੁੰਦੀ ਹੈ, ਜਿਹੜਾ ਛੁਰੀ ਤੇ ਡਿੱਗੇ , ਜਾਂ ਛੁਰੀ ਉਸ ਉੱਤੇ।

ਆਮ ਲੋਕਾਂ ਨੇ ਤਾਂ ਜਿਉਣ ਲਈ ਜਿਉਣਾ ਹੁੰਦਾ ਹੈ, ਹੁਣ ਦੂਸਰਿਆਂ ਲਈ ਜਿਉਣ ਤੇ ਮਰਨ ਵਾਲਿਆਂ ਦਾ ਕਾਲ ਪੈ ਗਿਆ ਹੈ। ਹੁਣ ਤਾਂ ਹਰ ਕੋਈ ਇੱਕੋ ਗੱਲ ਆਖਦਾ ਹੈ, "ਆਪਾਂ ਕੀ ਲੈਣਾ ਹੈ ?", ਨਾਲੇ ਇੱਥੇ ਕਿਸੇ ਦੀ ਆਈ ਕੌਣ ਮਰਦਾ ਹੈ ? ਮਰਕੇ ਕਿਹੜਾ ਬੰਦਾ ਜਿਉਂਦਾ ਰਹਿੰਦਾ ਹੈ। ਸਭ ਭੁਲ ਜਾਂਦੇ ਹਨ। ਅਸੀਂ ਤਾਂ ਉਹ ਝਟਕੇ ਵੀ ਭੁੱਲ ਜਾਂਦੇ ਹਨ, ਅਸੀਂ ਤਾਂ ਉਹ ਝਟਕੇ ਵੀ ਭੁੱਲ ਗਏ, ਜਿਨ੍ਹਾਂ ਨੇ ਸਾਡੇ ਪੁਰਖਿਆਂ ਨੂੰ ਹੱਸਦੇ ਵਸਦਿਆਂ ਨੂੰ ਘਰੋਂ ਬੇ ਘਰ ਕਰ ਦਿੱਤਾ ਸੀ।

ਅਸੀਂ ਤਾਂ ਅੱਜ ਦੀ ਗੱਲ ਕੱਲ੍ਹ ਭੁੱਲ ਜਾਂਦੇ ਹਾਂ ਤੇ ਪਿਛਲੀਆਂ ਗੱਲਾਂ ਨੂੰ ਕੌਣ ਯਾਦ ਕਰੇ। ਨਾਲੇ ਇੱਥੇ ਬੰਦਾ, ਯਾਦ ਕੀ ਕੀ ਰੱਖੇ ? ਜਿਨ੍ਹਾਂ ਨੇ ਯਾਦ ਰੱਖਣਾ ਹੈ, ਉਹ ਉਹ ਖ਼ੁੱਦ ਹੀ ਜਦੋਂ ਕੁਰਾਹੇ ਤੁਰ ਪੈਣ ਤਾਂ ਇਹੋ ਹੀ ਆਖਿਆ ਜਾ ਸਕਦਾ ਕਿ ਝੋਟਿਆਂ ਦੇ ਘਰੋਂ ਲੱਸੀ ਕੀ ਆਸ ਕਰਨੀ ਭਰਮ ਪਾਲਣਾ ਹੈ।

ਜਦੋਂ ਵੀ ਕਦੇ ਸਰਕਾਰੀ ਜਾਂ ਗੈਰ ਸਰਕਾਰੀ ਝਟਕਾ ਲੱਗਦਾ ਹੈ ਤਾਂ ਉਸ ਨਾਲ ਖਾਸ ਨੂੰ ਤਾਂ ਕੋਈ ਫ਼ਰਕ ਨਹੀਂ ਪੈਂਦਾ । ਪਰ ਆਮ ਬੰਦਾ ਤਾਂ ਕਣਕ ਦੇ ਵਾਂਗ ਦੋ ਪੁੜਾਂ ਹੇਠ ਪੀਸਿਆ ਜਾਂਦਾ ਹੈ। ਜਦੋਂ ਬੰਦਾ ਪੀਸਿਆਂ ਜਾਂਦਾ ਹੈ ਤਾਂ ਇਸ ਨਾਲ ਕਿਸੇ ਨੂੰ ਕੀ ਫ਼ਰਕ ਪੈਂਦਾ ਹੈ।

ਹੁਣ ਜਦੋਂ ਪਿਛਲੇ ਕਈ ਵਰਿਆਂ ਤੋਂ ਝਟਕੇ ਤੇ ਝਟਕੇ ਲੱਗ ਰਹੇ ਹਨ ਤਾਂ ਵੀ ਅਜੇ ਲੋਕਾਂ ਵਿੱਚ ਜ਼ਿੰਦਗੀ ਜਿਉਣ ਦੀ ਤਮੰਨਾ ਬਾਕੀ ਹੈ।

## ਲਹੌਰ ਦੀਆਂ ਕੰਧਾਂ

ਲਹੌਰ ਜਾਣ ਦਾ ਸਬੱਬ ਮੈਨੂੰ ਮਿਲਿਆ
ਗੁਰੂ ਅਰਜਨ ਦੇਵ ਜੀ ਦੇ ਸ਼ਹਿਦੀ ਸਥਾਨ ਤੇ ਸਜਦਾ ਮੈਂ ਕੀਤਾ
ਉਹ ਚੱਕੀਆਂ ਮੈਂ ਵੇਖੀਆਂ
ਜੋ ਸਿੰਘਣੀਆਂ ਨੇ ਸੀ ਪੀਸੀਆਂ
ਉਹ ਖੂਹ ਸੀ ਮੈਂ ਵੇਖਿਆ
ਜਿਸ ਵਿੱਚ ਸਿੰਘਣੀਆਂ ਨੇ ਛਾਲਾਂ ਸੀ ਮਾਰੀਆਂ
ਮੈ ਲਹੌਰ ਦੀਆਂ ਕੰਧਾਂ ਕੋਲੋਂ ਪੁੱਛਿਆ
ਨੀ ਤੁਹਾਨੂੰ ਤਰਸ ਨਹੀਂ ਸੀ ਆਇਆ
ਨੀ ਤੁਸੀਂ ਦੁਹੱਥੜਾਂ ਨਾਂ ਮਾਰੀਆਂ
ਨੀ ਤੁਸੀਂ ਦੁਹਾਈ ਨਾਂ ਪਾਈ
ਜਦੋਂ ਸਾਡੇ ਗੁਰੂ ਦੇ ਸਿਰ ਵਿੱਚ ਤੱਤੀ ਰੇਤ ਪਾਈ
ਤੁਸੀਂ ਕਿਵੇਂ ਵੇਖਦਿਆਂ ਰਹਿ ਗਈਆਂ
ਜਦੋਂ ਲੋਹ ਥੱਲੇ ਅੱਗ ਸੀ ਮਚਾਈ
ਤੁਸੀਂ ਛਾਲੇ ਕਿਵੇਂ ਵੇਖੇ
ਚੰਦੂ ਪਾਪੀ ਤੇ ਤੁਸੀਂ ਡਿੱਗੀਆਂ ਨਾਂ
ਤੁਸੀਂ ਖੜੀਆਂ ਕਿਵੇਂ ਰਹਿ ਗਈਆਂ
ਜੇ ਤੁਸੀਂ ਡਿੱਗਦੀਆਂ
ਅਸੀਂ ਅੱਜ ਤੁਹਾਨੂੰ ਪੂਜਦੇ
ਕੰਧਾਂ ਦਾ ਜਵਾਬ
ਉਹ ਭੁੱਬੀਂ ਰੋਈਆਂ
ਅਸੀਂ ਘੁੰਡ ਲੈ ਸੀ ਕੱਢ
ਅਸੀਂ ਪਿੱਛੇ ਲੈ ਸੀ ਕਰ
ਜ਼ੁਲਮ ਨੇ ਅੱਤ ਦਿੱਤੀ ਸੀ ਕਰ
ਸਾਡੇ ਤੋਂ ਵੇਖਿਆ ਨਹੀਂ ਸੀ ਜਾਂਦਾ
ਅਸੀਂ ਅੱਜ ਵੀ ਉਸੇ ਤਰ੍ਹਾਂ ਖੜੀਆਂ
ਅਸੀਂ ਲੇਪਣ ਨਹੀਂ ਲਾਏ
ਅਸੀਂ ਕਲੀਆਂ ਨਹੀਂ ਕਰਵਾਈਆਂ
ਜਦੋਂ ਤੁਸੀਂ ਆਉਂਦੇ
ਅਸੀਂ ਭੁੱਬੀਂ ਭੁੱਬੀਂ ਰੋਈਏ
ਬੱਚਿਆਂ ਦੇ ਟੁੱਕੜੇ ਸੀ ਕਰਵਾਏ
ਮਾਵਾਂ ਦੇ ਗਲਾਂ ਵਿੱਚ ਸੀ ਪਵਾਏ
ਚੱਕੀਆਂ ਸੀ ਪਿਸਵਾਈਆ
ਖੂਹ ਵਿੱਚ ਛਾਲਾਂ ਸੀ ਮਰਵਾਈਆਂ
ਸਾਡੇ ਤੋਂ ਵੇਖਿਆ ਨਹੀਂ ਸੀ ਜਾਂਦਾ
ਭੈਣੋਂ ਬੱਸ ਕਰੋ
ਇਸ ਤੋਂ ਵੱਧ ਮੇਰੇ ਤੋਂ ਸੁਣਿਆ ਨਹੀਂ ਜਾਂਦਾ
ਲਹੌਰ ਸ਼ਹਿਰ ਵਿੱਚ ਇਤਿਹਾਸਕ ਸਮਾਜਿਕ ਧਾਰਮਿਕ ਰਾਜਨੀਤਕ
ਬਹੁਤ ਕੁੱਝ ਨੱਪਿਆ
ਮੈ ਕੰਧਾਂ ਕੋਲੋਂ ਪੁੱਛਿਆ
ਮੈ ਕੰਧਾਂ ਕੋਲੋਂ ਪੁੱਛਿਆ

**ਬਲਵਿੰਦਰ ਕੌਰ ਪੰਧੇਰ**

# "ਚਮਕੌਰ ਤੇ ਚੁਰਾਸੀ"

ਜਦੋਂ ਵੀ ਕਦੇ ਸੰਸਾਰ ਵਿੱਚ ਹੋਈਆਂ ਅਨੋਖੀਆਂ ਅਤੇ ਅਸਾਂਵੀਆਂ ਜੰਗਾਂ ਦੀ ਗੱਲ ਛਿੜਦੀ ਏ ਤਾਂ ਸੱਭ ਤੋਂ ਉੱਤਮ ਚਮਕੌਰ ਦੀ ਕੱਚੀ ਗੜ੍ਹੀ ਤੇ ਫ਼ੌਲਾਦ ਵਰਗੇ ਪੱਕੇ ਜਿਗਰਿਆਂ ਦੀ ਗੱਲ ਸਾਹਮਣੇ ਆਉਂਦੀ ਏ । ਕੱਚੀ ਗੜ੍ਹੀ ਵਿੱਚ ਸਾਹਿਬੇ ਕਮਾਲ ਆਪਣੇ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ ਤੇ ਪੁੱਤਰਾਂ ਵਰਗੇ ਪਿਆਰੇ ਖਾਲਸੇ ਨਾਲ ਮੌਜੂਦ ਨੇ ਵੈਰੀ ਦੇ ਟਿੱਡੀ ਦਲ ਨੇ ਗੜ੍ਹੀ ਨੂੰ ਘੇਰਿਆ ਹੋਇਆ ਏ । ਅਡੋਲ ਚਿੱਤ ਸਤਿਗੁਰ

ਮੁਸਕਰਾ ਰਹੇ ਨੇ ਚਮਕੌਰ ਦੀ ਧਰਤੀ ਤੇ ਸਵਾ ਲੱਖ ਨਾਲ ਇਕ ਲੜਾਉਣਾ ਦਾ ਅਜੀਬ ਕੌਤਕ ਹੋਣ ਜਾ ਰਿਹਾ ਏ । ਗੁਰੂ ਦੇ ਪਿਆਰਿਆਂ ਵਿੱਚ ਜੂਝ ਮਰਨ ਦਾ ਅਥਾਹ ਚਾਅ ਹੈ ਦਸ਼ਮੇਸ਼ ਪਿਤਾ ਅੱਜ ਅਜੀਤ, ਜੁਝਾਰ ਨੂੰ ਮੈਦਾਨੇ ਜੰਗ ਵੱਲ ਤੋਰਕੇ ਆਪਣੇ ਬੇਗਾਨੇ ਦਾ ਭੇਦ ਸਦਾ ਲਈ ਮਿਟਾਉਣ ਜਾ ਰਹੇ ਨੇ । ਪਿਆਰੇ ਪੰਜ ਬਾਣੀਆਂ ਦੇ ਅ ?ਮ ?ਰਤ ਦੀ ਸ਼ਕਤੀ ਪ੍ਰਗਟ ਕਰਨ ਵਾਲੇ ਨੇ ਕਿੱਤੇ ਛੋਟੇ ਸਾਹਿਬਜ਼ਾਦੇ ਸੱਤ ਸੌ ਸਾਲ ਪੁਰਾਣੇ ਮੁਗਲ ਰਾਜ ਦੀਆਂ ਨੀਂਹਾਂ ਹਿਲਾਉਣ ਤੁਰੇ ਜਾ ਰਹੇ ਨੇ

ਦੋ ਜਹਾਨ ਦੇ ਵਾਲੀ ਵਿਰੋਧੀ ਜਰਨੈਲਾਂ ਨਾਹਰ ਖਾਂ ਤੇ ਗਨੀ ਖਾਂ ਤੇ ਤੀਰਾਂ ਦੀ ਬਖ਼ਸ਼ਿਸ਼ ਕਰਨ ਵਾਲੇ ਨੇ ਤੇ ਫ਼ਤਿਹ ਦੀ ਚਿੱਠੀ "ਜ਼ਫ਼ਰਨਾਮੇ"ਦੀ ਬਣਤਰ ਜਾਣੀ ਜਾਣ ਸਤਿਗੁਰ ਦੇ ਚਿੱਤ ਵਿੱਚ ਉੱਕਰ ਚੁੱਕੀ ਹੈ ਔਰੰਗੇ ਦਾ ਜਰਨੈਲ ਖਵਾਜ਼ਾ ਮਰਦੂਦ ਕੰਧ ਉਹਲੇ ਲੁਕਿਆ ਹੋਇਆ ਸਹਿਮ ਵਿੱਚ ਏ ਕਿ ਕਿਤੇ ਸਤਿਗੁਰ

ਤੀਰ ਨਾਂ ਬਖ਼ਸ਼ ਦੇਣ !

ਕਿ ਆਂ ਖਵਾਜਾ ਮਰਦੂਦ ਸਾਯਹ ਦਿਵਾਰ।।

ਬ-ਮੈਦਾਂ ਨਿਆਮਦ ਬ-ਮਰਦਾਨਹ ਵਾਰ।। ।।

ਦਰੇਗਾ ਅਗਰ ਰੂਏ ਓ ਦੀਦਮੇ।।

ਬਯਕ ਤੀਰ ਲਾਚਾਰ ਬਖਸ਼ੀਦਮੈ ।।

ਕੁਝ ਇਸ ਤਰਾਂ ਦਾ ਦ੍ਰਿਸ਼ ਏ ਗੜ੍ਹੀ ਚਮਕੌਰ ਤੇ ਪੋਹ ਦੇ ਸ਼ਹੀਦੀਆਂ ਭਰੇ ਮਹੀਨੇ ਦਾ ਕਿ ਕਿਸ ਤਰਾਂ ਸਾਹਿਬ ਖ਼ਾਸ ਰੂਪ ਖਾਲਸੇ ਦੇ ਸਿਰ ਕਲਗੀ ਸਜਾ ਤਾੜੀ ਮਾਰ ਲੱਖਾਂ ਦਾ ਘੇਰਾ ਤੋੜ ਰਵਾਨਾ ਹੋਏ ਅਨੇਕਾਂ ਕੌਤਕ ਨੇ ਸ਼ਾਹ ਏ ਸ਼ਾਹਿਨਸ਼ਾਹ ਦੇ ਕੀ ਕੀ ਵਰਨਣ ਕਰਾਂ ।

ਕੁਝ ਐਸੀਆਂ ਹੀ ਬੀਰਰੱਸੀ ਤੇ ਵੈਰਾਗ ਮਈ ਕਥਾ ਕਹਾਣੀਆਂ ਦਸ਼ਮੇਸ਼ ਦਾ ਖਾਲਸਾ ਖ਼ਾਸ ਬਾਬਾ ਜਰਨੈਲ ਸਿੰਘ ਖਾਲਸਾ ਇਹਨਾਂ ਦਿਨਾਂ ਵਿੱਚ ਸੰਗਤਾਂ ਨਾਲ ਸਾਂਝੀਆਂ ਕਰਿਆ ਕਰਦੇ ਸਨ ਜਿਸ ਦਾ ਜ਼ਿਕਰ ਇੱਕ ਕਿਤਾਬ ਵਿੱਚ ਇਸ ਤਰਾਂ ਹੈ:-

"ਸੰਤ ਭਿੰਡਰਾਵਾਲੇ ਇਨਾਂ ਦਿਨਾ ਵਿੱਚ ਬੜੇ ਬੈਰਾਗ ਵਿੱਚ ਰਹਿੰਦੇ ਸਨ !

ਨਾਲ ਦੇ ਸਾਥੀਆਂ ਨਾਲ ਅਨੰਦਪੁਰ ਸਾਹਿਬ ਤੋਂ ਲੈ ਕੇ ਕੱਚੀ ਗੜ੍ਹੀ ਦਾ ਇਤਿਹਾਸ ਰੋਜ ਦੀ ਰੋਜ ਦੱਸਦੇ ਸਨ !

ਅੱਜ ਗੁਰੂ ਸਾਹਿਬ ਇਥੇ ਪਹੁਚ ਗਏ , ਸਾਹਿਬਜਾਦੇ ਇਥੇ ਚਲੇਗੇ ਡਟੇਲ ਵਿੱਚ !!

ਜਿਵੇ ਆਪ ਇਸ ਜੰਗ ਵਿੱਚ ਮੌਜੂਦ ਹੋਣ !!

((ਵਿੱਚੋਂ ਟਰੂ ਸਟੋਰੀ ਆਫ ਸੰਤ ਭਿੰਡਰਾਵਾਲੇ ))

ਸਿੱਖਾਂ ਨੇ ਪਿਛਲੇ ਤਿੰਨ ਸਾਡੇ ਤਿੰਨ ਸੌ ਸਾਲ ਦੇ ਇਤਹਾਸ ਵਿੱਚ ਅਨੇਕਾਂ ਜੰਗਾਂ ਲੜੀਆਂ ਨੇ ਗੱਲ ਭਾਵੇਂ ਸਾਰਗੜ੍ਹੀ ਦੀ ਜਾਂ ਜੂਨ ਚੁਰਾਸੀ ਦੀ ਅਸਾਵੀਂ ਜੰਗ ਦੀ ਹੋਵੇ ਤੇ ਜਾਂ ਫਿਰ ਗਰਜਾ ਸਿੰਘ ਬੋਤਾ ਸਿੰਘ ਦਾ ਹਜਾਰਾਂ ਨਾਲ ਜੂਝ ਜਾਣਾ ਥਾਪੜਾ ਸੱਭ ਪਿੱਛੇ ਕੱਚੀ ਗੜ੍ਹੀ ਵਾਲਾ ਕੰਮ ਕਰ ਰਿਹਾ ਏ ਸਵਾ ਲਾਖ ਸੇ ਏਕ ਲੜਾਊਂ ਵਾਲਾ !

ਜਦੋਂ ਮੈ ਸੰਤਾਂ ਦੀ ਮੋਰਚੇ ਕੋਲ ਨਿਡੱਰ, ਗੰਭੀਰ ਤੇ ਚਿਹਰੇ ਤੇ ਮੱਠੀ ਜਿਹੀ ਮੁਸਕਾਨ ਲਈ ਖੜਿਆਂ ਦੀ ਬਲੈਕ ਐਂਡ ਵਾਈਟ ਤਸਵੀਰ ਵੇਖਦਾਂ ਹਾਂ ਤਾਂ ਚਮਕੌਰ ਦਾ ਦ੍ਰਿਸ਼ ਯਾਦ ਆ ਜਾਂਦਾ ਏ ਓਪਰੀ ਨਿਗਾਹ ਨਾਲ ਵੇਖਦਿਆਂ ਹੀ ਤਸਵੀਰ ਕਈ ਕੁਝ ਕਹਿ ਰਹੀ ਮਹਿਸੂਸ ਹੁੰਦੀ ਏ ਕਿ ਜਿਸ ਤਰਾਂ ਸੰਤ ਸੰਸਾਰ ਦੀ ਚੌਥੀ ਅਖੌਤੀ ਪ੍ਰਮਾਣੂ ਸ਼ਕਤੀ ਤੇ ਹੱਸ ਰਹੇ ਹੋਣ ਕਿ "ਆਹਜੋ ਵੇਖਿਓ ਟਰੱਕ ਭਰ ਕੇ ਤੋਰਦਾਂ ਕਿੱਦਾਂ " ਚਿਹਰੇ ਦੀ ਗੰਭੀਰਤਾ ਕੌਮੀ ਗ਼ਦਾਰਾਂ ਨੂੰ ਲਾਹਨਤਾਂ ਪਾ ਰਹੀ ਜਾਪਦੀ ਏ ਗੱਲ ਵਿੱਚ ਪਿਆ ਦੁੱਧ ਚਿੱਟਾ ਹਜ਼ੂਰੀਆ ਉਸਦੇ ਸਾਫ਼ ਕਿਰਦਾਰ ਦੀ ਗਵਾਹੀ ਭਰਦਾ ਏ ਤੇ ਸਾਦੇ ਚੋਲੇ ਵਿੱਚ ਖੜਾ ਇਹ ??ਵੀ ਸਦੀ ਦਾ ਮਹਾਨ ਜਰਨੈਲ ਅਜੋਕੇ ਸਾਧ ਪ੍ਰਚਾਰਿਕ ਜੋ ਗੱਡੀਆਂ ਨਾਲ ਮੈਚ ਕਰਦੇ ਚੋਲੇ ਪਾਉਂਦੇ ਨੇ, ਨੂੰ ਰੱਬ ਦੀ ਰਜਾ ਵਿੱਚ ਸਾਦਾ ਜੀਵਨ ਜੀਣ ਦੀ ਜਾਂਚ ਦੱਸ ਰਿਹਾ ਹੋਵੇ !

ਚਮਕੌਰ ਦੀ ਗੜ੍ਹੀ ਵਾਂਗ ਲੜੀ ਗਈ ਇਸ ਲੜਾਈ ਦੇ ਅਨੇਕਾਂ ਪਹਿਲੂ ਨੇ ਕਿ ਕਿਸ ਤਰਾਂ ਇਕ ਨਿਰਭੈ ਸੰਤ ਸਿਪਾਹੀ ਟੈਂਕਾਂ ਦੀ ਗੜਗੜਾਹਟ ਵਿੱਚ ਆਪਣੇ ਮਰਜੀਵੜੇ ਸੰਗੀ ਸਾਥੀਆਂ ਨੂੰ ਮਖੌਲ ਕਰ ਰਿਹਾ ਏ ! ਕਿਸ ਤਰਾਂ ਸਿੰਘ ਸਿੰਘਣੀਆਂ ਬੇਖੌਫ਼ ਮੋਰਚਿਆਂ ਚ ਡੱਟੇ ਵੈਰੀ ਤੇ ਅੱਗ ਵਰ੍ਹਾ ਰਹੇ ਨੇ ! ਕਿਸ ਤਰਾਂ ਬੀਬੀ ਪ੍ਰੀਤਮ ਕੌਰ (ਸਿੰਘਣੀ ਭਾਈ ਰਛਪਾਲ ਸਿੰਘ) ਆਪਣੇ ??ਦਿਨ ਦੇ ਭੁਝੰਗੀ ਨਾਲ ਮੋਰਚੇ ਵਿੱਚ ਡੱਟੀ ਹੋਈ ਏ ਤੇ ਭੁਝੰਗੀ ਗੋਲਿਆਂ ਦੀ ਅਵਾਜ਼ ਨਾਲ ਮੁਸਕਰਾ ਰਿਹਾ ਹੈ । ਮੋਹੇ ਮਰਨੇ ਕਾ ਚਾਓ ਲੈ ਕੋਈ ਜੇਤੂ ਜਰਨੈਲ ਸ਼ਾਹਬੇਗ ਸਿੰਘ ਆਪਣੇ ਮੋਰਚਿਆਂ ਤੋਂ ਸੰਤੁਸ਼ਟ ਨਜ਼ਰ ਆ ਰਿਹਾ ਏ ! ਵੈਰੀ ਨੂੰ ਮੂੰਹ ਵਿੱਚ ਉਂਗਲਾਂ ਓਦੋਂ ਪਾਉਣੀਆਂ ਪਈਆਂ ਜਦੋਂ ਅੱਲੜ ਉਮਰ ਦੇ ਸਿੰਘ ਮੌਤ ਨਾਲ ਅਠਖੇਲੀਆਂ ਕਰਦੇ ਵੇਖੇ ਗਏ ਜੋ ਹੈਂਡ ਗਰਨੇਡ ਦੀ ਪਿੰਨ ਕੱਡਦੇ ਦੋ ਵਾਰ ਹੱਥ ਚ ਭੜਕਾਉਂਦੇ ਤੇ ਸੁੱਟ ਦਿੰਦੇ ਜੋ ਹਵਾ ਵਿੱਚ ਫ਼ੱਟ ਜਾਂਦਾ ਦੁਸ਼ਮਣ ਨੂੰ ਇਹ ਸਮਝ ਨਹੀਂ ਪੈ ਰਹੀ ਸੀ ਕਿ ਇਹ ਲੜ ਰਹੇ ਨੇ ਕਿ ਮੌਤ ਨਾਲ ਖੇਡ ਰਹੇ ਨੇ (ਸਾਕਾ ਦਰਬਾਰ ਸਾਹਿਬ ਅੱਖੀਂ ਡਿੱਠਾ ਹਾਲ ਕਿਤਾਬ ਹਕੀਕਤ )

ਇਹ ??ਵੀ ਸਦੀ ਦਾ ਸਾਕਾ ਵੀ ਚਮਕੌਰ ਦੀ ਗੜ੍ਹੀ ਵਾਂਗ ਦੁਨੀਆਂ ਦੀ ਇਕ ਅਸਾਂਵੀ ਜੰਗ ਸੀ । ਇਕ ਪਾਸੇ ਖੰਡੇ ਬਾਟੇ ਤੇ ਪੰਜ ਬਾਣੀਆਂ ਦੇ ਅੰਮ੍ਰਿਤ ਦੀ ਸ਼ਕਤੀ ਗੁਰੂ ਤੇ ਅਥਾਹ ਵਿਸ਼ਵਾਸ ਸਵਾ ਲੱਖ ਨਾਲ ਜੂਝਣ ਦਾ ਚਾਅ ਤੇ ਦੂਜੇ ਪਾਸੇ ਅਖੌਤੀ ਨਿਊਕਲੀਅਰ ਪਾਵਰ ਦਿੱਲ ?ੀ ਦਾ ਤੱਖਤ ਕਾਲ ਤੋਂ ਰਹਿਤ ਸ੍ਰੀ ਅਕਾਲ ਤੱਖਤ ਨਾਲ ਟਕਰਾਉਣ ਲੱਗਾ ਹੈ ਅਕਿ ?ਰਤਘਣਤਾ ਦੀ ਇੰਤਾਹ ਹੋਣ ਜਾ ਰਹੀ ਏ ਓਹ ਦਿੱਲੀ ਦਾ ਤੱਖਤ ਜਿਹਨੂੰ ਸਥਾਪਿਤ ਕਰਨ ਲਈ ਜਿਨਾਂ ਆਪਣੇ ਪਰਿਵਾਰ ਲੇਖੇ ਲਾ ਦਿੱਤੇ ਉਹਨਾਂ ਦਾ ਖ਼ੂਨ ਚੱਖਣ ਲਈ ਦੁਰਗਾ ਹੱਥ ਵਿੱਚ ਖੱਪਰ ਫੜੀ ਖਲੋਤੀ ਏ ! ਲੱਖਾਂ ਦੀ ਗਿਣਤੀ ਵਿੱਚ ਤਗਮੇ ਲਵਾਉਣ ਵਾਲੇ ਨਪੁੰਸਕ ਘਟੀਆ ਰਮ ਨਾਲ ਧੁੱਤ ਆਪਣੇ ਹੋਣ ਵਾਲੇ ਹਸ਼ਰ ਤੋਂ ਅਣਜਾਣ ਹਰਲ ਹਰਲ ਕਰਦੇ ਫਿਰ ਰਹੇ ਨੇ ! ਸ਼ਾ ?ਇਦ ਕਿਸੇ ਨੇ ਆਧੁਨਿਕ ਹਥਿਆਰਾਂ ਦੀ ਫੂਕ ਛਕਾ ਦਿੱਤੀ ਏ ਇਹਨਾਂ ਬੇਗੈਰਤ ਮਹਾਂ ਸ਼ਕਤੀ ਦੇ ਕਰਿੰਦਿਆਂ ਨੂੰ ।

ਦੂਜੇ ਪਾਸੇ ਚਮਕੌਰ ਦੀ ਗੜ੍ਹੀ ਦੇ ਸ਼ਹੀਦਾਂ ਦੇ ਵਾਰਸ਼ ਨੇ ਮਰਜੀਵੜੇ ! ਜਿਨਾਂ ਨੂੰ ਤਗਮੇ ਤਰੱਕੀਆਂ ਦੀ ਲਲਸਾ ਨਹੀਂ ਜੂਝ ਮਰਣ ਦਾ ਚਾਓ ਹੈ ਹਰ ਸਿੰਘ ਕਾਹਲਾ ਏ ਇਤਿਹਾਸ ਦੁਹਰਾਉਣ ਲਈ ਬਾਬਾ ਜਰਨੈਲ ਸਿੰਘ ਖਾਲਸਾ ਦੂਹੋ ਦੂਹੀ ਸ਼ਾਸਤਰਾਂ ਦੇ ਮੈਗਜ਼ੀਨ ਭਰ ਰਹੇ ਨੇ ਲਗਦਾ ਅਨੋਖਾ ਪ੍ਰਸਾਦ ਵਰਤਾਉਣ ਦੀ ਤਿਆਰੀ ਹੋ ਰਹੀ ਏ ਭਾਈ ਅਮਰੀਕ ਸਿੰਘ ਕਮਰ ਕੱਸਾ ਕਰੀ ਤਿਆਰ ਬਰ ਤਿਆਰ ਹਨ ਜੇਤੂ ਜਰਨੈਲ ਸੁਬੇਗ ਸਿੰਘ ਹੱਥ ਵਿੱਚ ਵਾਕੀ ਟਾਕੀ ਫੜੀ ਪੂਰੇ ਜਾਹੋ ਜਲਾਲ ਚ, ਆਪਣੇ ਸੰਗੀਆਂ ਨੂੰ ਕਹਿ ਰਹੇ ਨੇ ਸਾਹ ਲੋ ਦੱਸਦੇ ਇਹਨਾਂ ਪਾਨ ਖਾਣਿਆਂ ਨੂੰ ਲੜਾਈ ਕਿੱਦਾਂ ਲੜੀ ਦੀ ਆ । ਬਾਬਾ ਠਾਹਰਾ ਸਿੰਘ ਮੋਰਚਿਆਂ ਵਿੱਚ ਸਿੰਘਾਂ ਨੂੰ ਛੋਲਿਆਂ ਦਾ ਪ੍ਰਸਾਦ ਵਰਤਾ ਰਹੇ ਨੇ ਲਗਦਾ ਵੈਰੀ ਦੀ ਖ਼ੈਰ ਨਹੀਂ ਬੜੇ ਸਾਲਾਂ ਬਾਅਦ ਭੁੱਜੇ ਛੋਲੇ ਵਰਤਾਏ ਜਾ ਰਹੇ ਨੇ ਲਗਦਾ ਕਿਸੇ ਨੂੰ ਚਣੇ ਚਬਾਉਣ ਦੀ ਤਿਆਰੀ ਹੋ ਰਹੀ ਏ !

ਅੱਜ ਗੱਲ ਖ਼ਾਨੇ ਪੈ ਰਹੀ ਏ ਕਿ ਸੰਤ ਭਿੰਡਰਾਂਵਾਲੇ ਪੋਹ ਦੇ ਮਹੀਨੇ ਦੀ ਸ਼ਹੀਦੀ ਗਾਥਾ ਕਿਉ ਅਕਸਰ ਦੁਹਰਾਇਆ ਕਰਦੇ ਸਨ ਉਹ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਅਤੇ ਹੋਏ ਤਸ਼ਦੱਦ ਬਾਰੇ ਦੱਸਦੇ ਵੈਰਾਗ ਵਿੱਚ ਚੱਲੇ ਜਾਂਦੇ ਸਨ ਤੇ ਆਪਣੀ ਤਕਰੀਰ ਵਿੱਚ ਅਕਸਰ ਕਿਹਾ ਵੀ ਕਰਦੇ ਸਨ 'ਆਜੋ ਫੜਕੇ ਲੈਜੋ ਬੰਦ ਬੰਦ ਕੱਟ ਦਓ ਜੇ ਮੂੰਹੋਂ ਸੀ ਵੀ ਕਡਾਜੋ ਫਿਰ ਮੰਨਾਂ ' ਇਸ ਪਿੱਛੇ ਚਮਕੌਰ ਦੇ ਸ਼ਹੀਦਾਂ ਦਾ ਹੀ ਥਾਪੜਾ ਸੀ ਕਿ ਉਹ ਆਖਦੇ "ਲੱਖ ਕੀ ਦੱਸ ਲੱਖ ਵੀ ਆਜੇ ਜਿਉਂਦੇ ਫੜਕੇ ਨਹੀਂ ਖੜ ਸਕਦੇ ਗੁਰੂ ਦੀ ਕਿਰਪਾ ਹੈ

ਜੋ ਜੂਨ ਚੁਰਾਸੀ ਚ' ਸਿੰਘਾਂ ਨੇ ਜੌਹਰ ਦਿਖਾਏ ਉਹ ਸਦੀਵੀ ਸੁਨਹਿਰੀ ਇਤਿਹਾਸ ਦਾ ਦੁਬਾਰਾ ਵਰਨਣ ਨਹੀਂ ਕਰਨਾਂ ਚਹੁੰਦਾ ਉਹ ਸੈਂਕੜੇ ਵੱਖ ਕਿਤਾਬਾਂ ਦੇ ਰੂਪ ਵਿੱਚ ਉਪਲੱਬਧ ਏ ! ਪਰ ਫਿਰ ਵੀ ਵੈਰੀ ਵਲੋਂ ਲਿਖੀ ਗਈ ਇਕ ਕਿਤਾਬ "ਦਾ ਬਲਿਊ ਸਟਾਰ ਅਪਰੇਸ਼ਨ ਟਰੂ ਸਟੋਰੀ"ਦੇ ਸਫ਼ਾ ??? ਤੇ ਜਨਰਲ ਬਰਾੜ ਲਿਖਦਾ ਏ ਕਿ 'ਜਿਸ ਬਹਾਦਰੀ ਤੇ ਦਲੇਰੀ ਨਾਲ ਉਹ ਲੜੇ ਉਹ ਰਾਤੋ ਰਾਤ ਕੌਮ ਦੇ ਹੀਰੋ ਬਣ ਗਏ'

ਫ਼ੌਜੀ ਅਫਸਰ ਇਕ ਥਾਵੇਂ ਲਿਖਦਾ ਹੈ ਕਿ ਉਹ 'ਆਖਰੀ ਗੋਲੀ ਤੇ ਆਖਰੀ ਸਾਹ ਤੱਕ ਲੜੇ ।

ਵੈਰੀ ਦੇ ਖੇਮੇ ਚੋਂ ਕਿਸੇ ਨੇ ਇਹ ਵੀ ਲਿਖਿਆ ਕਿ ਜਨਰਲ ਸੁਬੇਗ ਸਿੰਘ ਵਰਗਾ ਜਰਨੈਲ ਤੇ ਏਹੋ ਜਿਹੇ ??? ਕੁ ਮਰਜੀਵੜੇ ਹੀ ਗੁਆਂਢੀ ਮੁਲਕਾਂ ਨੂੰ ਫ਼ਤਿਹ ਕਰਨ ਲਈ ਕਾਫ਼ੀ ਨੇ ।

ਜਨਰਲ ਸਿੰਨਹਾ ਨੇ ਤਾਂ ਜੰਗ ਤੋਂ ਪਹਿਲਾਂ ਹੀ ਕਹਿ ਦਿੱਤਾ ਸੀ ਕਿ ਕਿਨਾਂ ਨਾਲ ਲੜਨ ਜਾ ਰਹੇ ਹੋ ਪਹਿਲਾਂ ਇਤਹਾਸ ਪੜਲੋ ।

ਉਹ ਜਨਰਲ ਬਰਾੜ ਜਿਸਨੇ ਦਿੱਲੀ ਤੱਖਤ ਦੀ ਪਟਰਾਣੀ ਮੂਹਰੇ ਫੜ ਮਾਰੀ ਸੀ ਕਿ ਕੁਝ ਘੰਟਿਆਂ ਚ ਮੋਰਚਾ ਫ਼ਤਿਹ ਕਰਕੇ ਆਇਆ ਨੂੰ ? ਤੋਂ ? ਜੂਨ ਤੱਕ ਸਿੰਘਾਂ ਨੇੜੇ ਨਾਂ ਫਟਕਣ ਦਿੱਤਾ ਤੇ ਅਖੀਰ "ਵਿਜੇਤਾ ਟੈਂਕਾਂ " ਦੀ ਵਰਤੋਂ ਕਰਨੀ ਪਈ ।

ਜਰਨੈਲ ਸੁਬੇਗ ਸਿੰਘ ਦੀ ਮੋਰਚੇਬੰਦੀ ਦਲੇਰੀ ਤੇ ਬਹਾਦਰੀ ਦੀ ਗਾਥਾ ਵੀ ਵੈਰੀ ਨੇ ਅਨੇਕਾਂ ਥਾਂਵਾਂ ਤੇ ਸਵਿਕਾਰ ਕੀਤੀ

ਸੋ ਇਸ ਸਾਰੇ ਵਰਤਾਰੇ ਪਿੱਛੇ ਸੀ ਕੱਚੀ ਗੜ੍ਹੀ ਵਿਚਲੇ ਪੱਕੇ ਸਿੰਘਾਂ ਦਾ ਇਤਹਾਸ, ਖੰਡੇ ਬਾਟੇ ਦੇ ਅੰਮ੍ਰਿਤ ਦੀ ਸ਼ਕਤੀ, ਪੰਜ ਬਾਣੀਆਂ ਦੇ ਨਿੱਤ ਦੇ ਨੇਮ ਤਾਕਤ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਅਡੋਲ ਨਿਸ਼ਚਾ !

ਇਹ ਵੀ ਦੱਸਣਾ ਜ਼ਰੂਰੀ ਹੈ ਕਿ ਕਈ ਲੱਕੜ ਦਿਮਾਗ ਵਿਦਵਾਨ ਸ਼ਹੀਦਾਂ ਚ ਵੀ ਦੁਬਿਧਾ ਪਾਉਣ ਦੀ ਤਾਕ ਵਿੱਚ ਨੇ ਕਦੇ ਕਹਿ ਦਿੰਦੇ ਨੇ ਕਿ ਸੁਬੇਗ ਸਿੰਘ ਪਹਿਲਾਂ ਸ਼ਹੀਦ ਹੋਏ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਬਾਅਦ ਚ' ਉਹਨਾਂ ਦਾ ਨਾਂ ਵੱਧ ਦੂਜੇ ਦਾ ਘੱਟ ਇਹ ਬੜੀਆਂ ਸੂਖ਼ਮ ਸਾਜਿਸ਼ਾਂ ਨੇ ਹੋਲੀ ਹੌਲੀ ਕਿਸੇ ਮਹਾਨ ਯੋਧੇ ਦੇ ਅਕਸ ਨੂੰ ਜੀਰੋ ਕਰਨ ਦੀਆਂ ! ਸੋ ਸਾਵਧਾਨ ! ਸਾਡੇ ਲਈ ਬਾਬੇ ਜਰਨੈਲ ਸਿੰਘ ਦੀ ਅਗਵਾਈ ਵਿੱਚ ਲੜੇ ਗਏ ਯੁੱਧ ਦਾ ਹਰੇਕ ਪ੍ਰਾਣੀ ਇਕ ਸਮਾਨ ਪੂਜਣ ਯੋਗ ਏ ਭਾਂਵੇ ਉਹ ਜਨਰਲ ਸੁਬੇਗ ਸਿੰਘ ਹੋਵੇ ਤੇ ਭਾਵੇਂ ??ਦਿਨ ਦਾ ਭੁਝੰਗੀ ਮਨਦੀਪ ਸਿੰਘ ( ਸੰਤਾ ਦੇ ਪੀ ਏ ਰਛਪਾਲ ਸਿੰਘ ਦਾ ਪੁੱਤਰ ) ਸਾਰੇ ਸ਼ਹੀਦ ਬਰਾਬਰ ਨੇ !

ਗਾਥਾਵਾਂ ਬਹੁਤ ਲਮੇਰੀਆਂ ਨੇ ?? ਤੋਂ ਪਹਿਲਾਂ ਤੇ ਬਾਅਦ ਦੀਆਂ ਵੀ ਕਿ ਕਿਸ ਤਰਾਂ ਕੱਚੀ ਗੜ੍ਹੀ ਦੇ ਵਾਰਸਾਂ ਨੇ ਰਟੌਲ ਮੁਕਾਬਲਾ, ਮੱਤੇਵਾਲ ਮੁਕਾਬਲਾ, ਕਰਨਾਮੇ ਪਿੰਡ ਦਾ ਮੁਕਾਬਲਾ, ਭਾਊ ਛੀਨੇ ਦਾ ਮੁਕਾਬਲਾ ਵਗੈਰਾ ਵਗੈਰਾ ਵਗੈਰਾ ! ਸੱਭ ਦੀਆਂ ਤਾਰਾਂ ਚਮਕੌਰ ਸਾਹਿਬ ਨਾਲ ਜੁੜੀਆਂ ਹੋਈਆਂ ਨੇ ਤੇ ਹੱਸ ਕੇ ਤਸ਼ੱਦਦ ਸਹਿਣ ਦੀ ਸ਼ਕਤੀ ਫਤਿਹਗੜ੍ਹ ਸਾਹਿਬ ਸਰਹੰਦ ਤੋਂ ।

ਇਸ ਸਾਰੇ ਕੁਝ ਲਈ ਗੁਰਮੱਤ ਦੀਆਂ ਕਲਾਸਾਂ ਜ਼ਰੂਰੀ ਨਹੀਂ ਪੰਜ ਬਾਣੀਆਂ ਦੇ ਨਿੱਤ ਨੇਮੀ ਹੋਣਾ ਜ਼ਰੂਰੀ ਏ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ੧ਓ ਤੋਂ ਲੈਕੇ ਅਠਾਰਾਂ ਦੱਸ ਬੀਸ ਤੱਕ ਪੂਰਨ ਭਰੋਸਾ ਗੁਰੂ ਤੇ ਅਥਾਹ ਸ਼ਰਧਾ ਤੇ ਵਿਸ਼ਵਾਸ ਹੋਣਾ ਜ਼ਰੂਰੀ ਏ ਬਾਬੇ ਜਰਨੈਲ ਸਿੰਘ ਖਾਲਸੇ ਤੇ ਉਸਦੇ ਮਰਜੀਵੜੇ ਸੰਗੀਆਂ ਵਾਂਗ । ਕਿਉਂਕਿ ਗੁਰਮੱਤ ਦੀਆਂ ਕਲਾਸਾਂ ਲਾਉਣ ਵਾਲੇ ਆਪ ਪੂਰੇ ਨਹੀਂ ਊਣੇ ਹਨ ਕਹਿਣੀ ਤੇ ਕਰਨੀ ਦੇ ਵਿੱਚ ਦਿਨ ਰਾਤ ਦਾ ਫਰਕ ਹੈ ਜੂਨ ?? ਤੋ ਪਹਿਲਾਂ ਤੇ ਬਾਅਦ ਦੇ ਸ਼ਹੀਦ ਸਾਰੇ ਹੀ ਪੰਜ ਬਾਣੀਆਂ ਦੇ ਨਿਤਨੇਮੀ ਸਨ ਉਹਨਾਂ ਦੀ ਇਹ ਕਾਮਯਾਬ ਡੋਜ਼ ਦਾ ਸਾਨੂੰ ਸੱਭ ਨੂੰ ਪਤਾ ਬੜੀ ਲਾਹੇਵੰਦ ਏ ਪਰਖੀ ਹੋਈ ਏ । ਅਜੇ ਕੱਲ ਦੀਆ ਗੱਲਾਂ ਨੇ ਕਿ ਪੰਜਾਂ ਬਾਣੀਆਂ ਦੀ ਡੋਜ਼ ਲੈ ਕੇ ਕੋਈ ਕੰਵਲਜੀਤ ਸਿੰਘ ਉਰਫ ਵਾਹਿਗੁਰੂ ਤੂੰਬਾ ਤੂੰਬਾ ਹੋ ਜਾਂਦਾ ਏ ਕੋਈ ਰਛਪਾਲ ਸਿੰਘ ਛੰਦੜਾ ਜਾਪ ਕਰਦਾ ਹੋਇਆ ਤੱਤੇ ਸਰੀਏ ਛਾਤੀ ਵਿੱਚ ਜਰ ਜਾਂਦਾ ਏ ਤੇ ਕੋਈ ਵੀਰ ਗੁਰਦੇਵ ਸਿੰਘ ਦੇਬੂ ਵਰਗਾ ਪਾਣੀ ਚ ਉਬਾਲੇ ਖਾ ਜਾਂਦਾ ਏ ! ਅਨੇਕਾਂ ਉਦਾਹਰਣਾ ਨੇ ਅਜੇ ਕੱਲ ਹੀ ਕਿਤਾਬ "ਜ਼ਿੰਦੇ ਸੁੱਖੇ ਦੀਆਂ ਜੇਲ ਚਿੱਠੀਆਂ"ਪੜ ਰਿਹਾ ਕਿ ਲੁਧਿਆਣੇ ਬੈਂਕ ਲੁੱਟਣ ਤੋਂ ਪਹਿਲਾਂ ਕੁਝ ਫ਼ਰਲਾਂਗ ਦੀ ਦੂਰੀ ਤੇ ਉਹ ਗੱਡੀ ਤੇ ਤਰਪਾਲ ਪਾਕੇ ਪੰਜ ਬਾਣੀਆਂ ਦਾ ਪਾਠ ਕਰ ਰਹੇ ਸਨ ਤੇ ਅਰਦਾਸ ਕਰ ਰਹੇ ਸਨ ਕਿ ਸਤਿਗੁਰ ਕਾਰਜ ਪੂਰਾ ਕਰੋ ਸੋ ਬਾਣੀ ਤੇ ਸਾਰੀ ਹੀ ਜੀਵਨ ਦੇਣ ਵਾਲੀ ਹੈ ਵੱਧ ਤੋਂ ਵੱਧ ਪੜੋ ਪਰ ਬੇਨਤੀ ਹੈ ਕਿਸੇ ਦੇ ਆਖੇ ਲੱਗ ਕੇ ਪੰਜਾ ਤੋਂ ਤਿੰਨਾਂ ਤੇ ਨਾਂ ਆ ਜਾਇਓ ! ਹਾਂਜੀ ਜਾਂ ਫਿਰ ਤਿੰਨਾਂ ਅੱਲਿਆਂ ਨੂੰ ਪੁੱਛ ਲਿਓ 'ਭਾਜੀ ਕੋਈ ਮੋਰਚਾ ਫ਼ਤਿਹ ਕੀਤਾ'

ਅਖੀਰ ਵਿੱਚ ਸ਼ਰਧਾ ਵਿਸ਼ਵਾਸ ਜਾਂ ਅੰਗਰੇਜ਼ੀ ਚ' 6▲◆✝✲ ਹੀ ਸੱਭ ਕੁਝ ਹੈ ਤੇ ਮਾਣਮੱਤਾ ਇਤਿਹਾਸ ਜਿਸ ਤੋਂ ਕੌਮ ਨੇ ਸੇਧ ਲੈਣੀ ਹੈ । ਸਿੱਖਾਂ ਦੀ ਸ਼ਰਧਾ ਏ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਇਸ਼ਨਾਨ ਵਿੱਚ, ਗੁਰਬਾਣੀ ਵਿੱਚ ਤੇ ਅਰਦਾਸ ਵਿੱਚ ਜਿੱਥੋਂ ਸਾਰੀ ਊਰਜਾ ਮਿਲਦੀ ਏ ! ਕੁਝ ਸਦੀਆਂ ਪਹਿਲਾਂ ਸਮੇਂ ਦੇ ਹਾਕਮ ਨੂੰ ਪਤਾ ਸੀ ਤੇ ਉਹਨਾਂ ਨੇ ਸ੍ਰੀ ਦਰਬਾਰ ਸਾਹਿਬ ਨੂੰ ਢਾਹੁਣ ਤੇ ਪੂਰਨ ਦੀ ਨਕਾਮ ਕੋਸ਼ਿਸ਼ ਕੀਤੀ ਪਰ ਗੁਰਬਾਣੀ ਨੂੰ ਨਾਂ ਮਿੱਟਾ ਸਕੇ ਫਿਰ ਕੁਝ ਦਹਾਕੇ ਪਹਿਲਾਂ ਵੀ ਸਮੇਂ ਦੇ ਹੁਕਮਰਾਨਾਂ ਐਸਾ ਹੀ ਕੁਕਰਮ ਕੀਤਾ । ਪਰ ਸਿੱਖਾਂ ਨੇ ਪੁਰਾਤਨ ਸਿੰਘਾਂ ਵਾਂਗ ਰੜੇ ਮੈਦਾਨੀ ਇਲਾਕੇ ਚ ਸਵਾ ਲੱਖ ਨਾਲ ਇਕ ਲੜਨ ਦੇ ਜੌਹਰ ਅਖੌਤੀ ਸੁਪਰ ਪਾਵਰ ਨੂੰ ਦਿਖਾਏ ਤੇ ਦੱਸ ਬਾਰਾਂ ਸਾਲ ਹਕੂਮਤ ਦੇ ਨਾਂਸੀ ਧੂੰਆਂ ਦੇ ਛੱਡੀਆ । ਅਜੋਕੇ ਦੁਸ਼ਮਣ ਨੂੰ ਤੁਹਾਥੋਂ ਹਮੇਸ਼ਾ ਖਤਰਾ ਏ ਕਿਉਂਕਿ ਤੁਹਾਡੇ ਗੁਰੂ ਸਾਹਿਬਾਨ ਉਹਨਾਂ ਦੇ ਪਖੰਡ ਵਾਦ ਦਾ ਭਾਂਡਾ ਭੰਨਦੇ ਹਨ ਇਸ ਲਈ ਦੁਸ਼ਮਣ ਤੁਹਾਡੇ ਵਿੱਚ ਸ਼ੰਕੇ ਪੈਦਾ ਕਰ ਤੇ ਕਰਾ ਰਿਹਾ ਏ ਬਾਣੀ ਵਿੱਚ, ਬਾਣੇ ਵਿੱਚ, ਅਰਦਾਸ ਵਿਚ, ਇਤਿਹਾਸ ਵਿਚ ਗੱਲ ਕੀ ਹਰ ਜਗਾ ! ਉਹ ਤੁਹਾਡੇ ਤੋਂ ਸ੍ਰੀ ਸਾਹਿਬ ਵੱਖ ਕਰ ਮੰਤਰ ਪੜਣ ਲਾਉਣਾ ਚਹੁੰਦਾ ਏ ! ਸੋ ਸਾਵਧਾਨ ! ਬਾਕੀ ਫਿਰ ਸਹੀ !

ਹੋਈਆਂ ਭੁੱਲਾ ਚੁੱਕਾ ਦੀ ਖਿਮਾ

ਸਾਹਿਬ ਦੇ ਸਾਰੇ ਸ਼ਹੀਦ ਸਾਹਿਬਜ਼ਾਦਿਆਂ ਨੂੰ ਕੋਟਾਨ ਕੋਟਿ ਪ੍ਰਣਾਮ !

**ਦਾਸਨ ਦਾਸ**
**ਅਰਪਿੰਦਰ ਸਿੰਘ ਬਿੱਟੂ**
**ਜਰਮਨ**

ਏਸ ਕੱਚੀ ਚਮਕੌਰ ਦੀ ਗੜ੍ਹੀ ਮੂਹਰੇ,
ਕਿਲ੍ਹਾ ਦਿੱਲੀ ਦਾ ਅਸੀਂ ਝੁਕਾ ਦਿਆਂਗੇ ।
ਝੋਰਾ ਕਰੀਂ ਨਾ ਕਿਲ੍ਹੇ ਅਨੰਦਪੁਰ ਦਾ,
ਕੁੱਲੀ ਕੁੱਲੀ ਨੂੰ ਕਿਲ੍ਹਾ ਬਣਾ ਦਿਆਂਗੇ ।
ਮਾਛੀਵਾੜੇ ਦੇ ਸੱਥਰ ਦੇ ਗੀਤ ਵਿੱਚੋਂ,
ਅਸੀ ਉਠਾਂਗੇ ਚੰਡੀ ਦੀ ਵਾਰ ਬਣ ਕੇ ।
ਜਿਨ੍ਹਾਂ ਸੂਲਾਂ ਨੇ ਦਿੱਤਾ ਨਾ ਸੌਣ ਤੈਨੂੰ,
ਛਾਂਗ ਦਿਆਗੇ ਖੰਡੇ ਦੀ ਧਾਰ ਬਣ ਕੇ ।





**ਜਵਾਨ ਇਧਰ ਆਓ!** ਸਿਪਾਹੀ ਨਾਲ ਹੀ ਇੰਸਪੈਕਰ ਵੱਲ ਭੱਜ ਕੇ ਗਿਆ ਜੀ ਸਰ! ਆਪ ਐਸਾ ਕਰੋ ਗਾੜੀ ਆਗੇ ਬੀ,ਐਸ,ਐਫ ਵਾਲੀ ਟੁਕੜੀ ਕੋ ਦੇ ਕੇ ਵਾਪਿਸ ਆ ਜਾਨਾ! ਸੀ, ਆਰ, ਪੀ ਵਾਲੇ ਜਵਾਨ ਦਾ ਹੀਆ ਨਾ ਹੋਇਆ ਪੁਛਣ ਦਾ ਕਿ ਸਾਡੀ ਗੱਡੀ ਬੀ,ਐਸ,ਐਫ ਨੂੰ ਕਾਹਤੋਂ ਦੇਣੀ ਪਰ ਸੋਚਦਾ ਸੋਚਦਾ ਪਤਾ ਲੈ ਕੇ ਤੁਰ ਪਿਆ। ਰੇਲਵੇ ਸਟੇਸ਼ਨ ਦੇ ਸਾਹਮਣੇਓ ਦੀ ਲੰਘਦਾ ਹਾਲ ਬਜਾਰ ਥਾਣੀ ਆ ਪਹੁੰਚਿਆ ਜਲ੍ਹਿਆਂ ਵਾਲੇ ਬਾਗ ਕੋਲ ਅੱਗੇ ਬੀ,ਐਸ,ਐਫ ਦਾ ਜਵਾਨ ਰਾਹ ਰੋਕੀ ਖੜਾ। ਸਾਬ ਯੇਹ ਗਾੜੀ ਆਪ ਕੋ ਦੇਨੀ ਹੈ। ਹਾਂ ਇਧਰ ਲਗਾਓ ਔਰ ਚਲੇ ਜਾਓ, ਗੱਡੀ ਲਾਉਂਦਾ ਤੱਕਦਾ ਸਾਹਮਣੇ ਦਰਬਾਰ ਸਾਹਿਬ ਤੇ ਆਲੇ ਦੁਆਲੇ ਭਾਰਤੀ ਆਰਮਡ ਫੋਰਸਾ ਦਾ ਘੇਰਾ। ਬੜਾ ਹੈਰਾਨੀ ਨਾਲ ਪੁੱਛਦਾ ਸਾਬ ਵੋਹ ਤੋ ਗੋਲਡਨ ਟੈਂਪਲ ਨਹੀਂ ਲਗਤਾ! ਨਾਲ ਖੜੇ ਪੰਜਾਬ ਪੁਲਿਸ ਦੇ ਨਸ਼ੇੜੀ ਜਿਹੇ ਥਾਣੇਦਾਰ ਦੇ ਮੂੰਹੋਂ ਅਵਾਜ ਆਈ ਗੋਲਡਨ ਟੈਪਲ ਲਗਦਾ ਨਹੀਂ ਹੈ। ਅਗਿਓ ਗੱਡੀ ਵਾਲਾ ਜਵਾਨ ਬੋਲਿਆ ਲੇਕਿਨ ਸਾਬ ਇਤਨੀ ਫੌਜ ਨੇ ਗੋਲਡਨ ਟੈਂਪਲ ਕਿਓਂ ਗੇਰ ਰਖਾ ਹੈ। ਥਾਣੇਦਾਰ ਘੇਰਿਆ ਨਹੀਂ ਭਰਾਵਾ ਹਮਲਾ ਕਰਨ ਲੱਗੇ ਆਂ! ਹਮਲਾ ਲੇਕਿਨ ਸਰ ਯੇਹ ਤੋਂ ਪਵਿਤਰ ਜਗ ?ਹਾ ਹੈ। ਜਗਾ ਤੋਂ ਪਵਿਤਰ ਹੈ ਪਰ ਤੁਝੇ ਨਹੀਂ ਪਤਾ ਆਤੰਕਵਾਦੀਓ ਨੇ ਅੰਦਰ ਕਬਜਾ ਕਰ ਲਿਆ ਹੈ। ਅੱਛਾ ਸਰ ਲੇਕਿਨ ਯੇਹ ਆਤੰਕਵਾਦੀ ਬਾਰਤ ਮੈਂ ਆਏ ਕਹਾਂ ਸੇ। ਪਾਕਿਸਤਾਨ ਯਾਂ ਅਜੇ ਗਲ ਉਹਦੇ ਮੂੰਹ ਚ ਹੀ ਸੀ ਨਾਲ ਵਾਲਾ ਬੀ,ਐਸ,ਐਫ ਵਾਲਾ ਬੋਲਿਆ ਨਹੀਂ। ਯੇਹ ਪੰਜਾਬ ਕੇ ਹੀ ਆਤੰਕਵਾਦੀ ਹੈਂ ਜੋ ਯਹਾਂ ਗੁਸ ਕਰ ਬੈਠੇ ਹੈ। ਜਵਾਨ ਹੈਰਾਨੀ ਭਰੇ ਲਹਿਜੇ ਨਾਲ ਆਂਹਦਾ ਲੇਕਿਨ ਸਰ ਯੇ ਤੋਂ ਉਨਕਾ ਗਰ ਹੈ। ਗੁਸ ਕਰ ਕੈਸੇ ਬੈਠੇ ਹੁਏ ? ਗੁਸੀ ਤੋਂ ਫਿਰ ਫੌਜ ਹੈ ਉਨਕੇ ਗਰ ਮੇਂ ਉਨਹੇ ਮਾਰਨੇ ਕੇ ਲਿਏ ? ਕਯਾ





ਇਨਹੋਨੇ ਕੋਈ ਹਮਲਾ ਕੀਆ ਬਾਰਤ ਕੀ ਕਿਸੀ ਜਗਾ ਪੇ ਯਾ ਕਿਸੀ ਕੋ ਕਿਡਨੈਪ ਕਰ ਲੀਆ ਯਾ ਫਿਰ! ਅਜੇ ਬੋਲ ਹੀ ਰਿਹਾ ਸੀ ਰਸਤੇ ਵਿਚੋਂ ਟੋਕਦਾ ਹੋਇਆ ਵੱਡਾ ਅਫਸਰ ਆਂਹਦਾ ਬ ?ਹਾਈ ਤੂ ਜਾ ਤੇਰਾ ਕਾਮ ਹੋ ਗਿਆ ਹਮੇ ਅਪਨਾ ਕਰਨੇ ਦੇ। ਸਰ ਮੈਂ ਜਾਤਾ ਹੂੰ ਲੇਕਿਨ ਯੇ ਤੋ ਬਤਾ ਦੋ ਇਨਹੇ ਗ੍ਰਿਫਤਾਰ ਕਰਕੇ ਕਹਾਂ ਲੇ ਜਾਨਾ ਹੈ।

ਕਹੀਂ ਭੀ ਨਹੀਂ ਅਫਸਰ ਬੋਲਿਆ ਇਨਹੇ ਯਹੀਂ ਖਤਮ ਕਰਨੇ ਕਾ ਹੁਕਮ ਹੈ। ਸਰ ਲੇਕਿਨ ਯਹਾਂ ਤੋ ਔਰ ਬੀ ਬਹੁਤ ਲੋਕ ਹੈ ਮਾਸੂਮ ਵੋਹ ਭੀ ਮਾਰੇ ਜਾਏਗੇਂ। ਹਮੇਂ ਇਸਕਾ ਨਹੀਂ ਪਤਾ ਅਫਸਰ ਬੋਲਿਆ ਲੇਕਿਨ ਮੈਂ ਜਨਰਲ ਸਿਨਹਾ ਕੇ ਸਾਥ ਥਾ ਜਬ ਹਮੇਂ ਤਕਰੀਬਨ ?? ਮਹੀਨੇ ਪਹਿਲੇ ਖਬਰ ਮਿਲੀ ਕੇ ਗੋਲਡਨ ਟੈਂਪਲ ਕੋ ਉੜਾਨਾ ਹੈ ਵਹਾਂ ਹਮਨੇ ਇਸਕੀ ਪ੍ਰੈਕਟਿਸ ਬੀ ਕੀ ਹੈ। ਆਜ ਯੇ ਜੋ ਬੀ,ਐਸ,ਐਫ ਔਰ ਬਾਕੀ ਆਰਮਡ ਫੌਰਸੇ ਹੈ। ਇਨਕਾ ਕਾਮ ਹੈ ਤੀਨ ਦੀਨ ਤੱਕ ਇਨ ਲੋਗੋਂ ਕੋ ਅੰਦਰ ਬੰਦ ਕਰਕੇ ਰੱਖਨਾ। ਫਿਰ ਫੌਜ ਆਏਗੀ ਜੋ ਅਮ੍ਰਿਤਸਰ ਕੈਂਟ ਮੈਂ ਤਿਆਰ ਬੈਠੀ ਹੈ ਵੋ ਗੋਲਡਨ ਟੈਂਪਲ ਕੰਪਲੈਕਸ ਕੋ ਤਬਾਹ ਕਰਕੇ ਸਬੀ ਆਤੰਕਵਾਦੀਓ ਕੋ ਖਤਮ ਕਰ ਦੇਗੀ। ਲੇਕਿਨ ਸਰ ਆਤੰਕਵਾਦੀ ਹੈਂ ਵੋ ਲੋਗ ਯੇਹ ਸਾਬਿਤ ਕੈਸੇ ਹੋਤਾ ਹੈ। ਔਰ ਜੋ ਮਾਸੂਮ ਲੋਕ ਅੰਦਰ ਹੈ ਵੋ। ਤੁਝੇ ਨਹੀਂ ਪਤਾ ਇਸ ਵਕਤ ਸਭੀ ਸਿੱਖ ਆਤੰਕਵਾਦੀ ਹੈ। ਯੇਹ ਦੇਸ਼ ਕੋ ਤੋੜਨਾ ਚਾਹਤੇ ਹੈ। ਲੇਕਿਨ ਸਰ ਐਸੀ ਕੋਈ ਬਾਤ ਤੋ ਕਭੀ ਸੁਨੀ ਨਹੀਂ ਮੈਂ ਇਨਤੀ ਦੇਰ ਸੇ ਯਹਾਂ ਅਮ੍ਰਿਤਸਰ ਮੇਂ ਨੌਕਰੀ ਕਰ ਰਹਾਂ ਹੂੰ। ਤੁਮ ਕੋ ਕਯਾ ਪਤਾ ਦਿਲੀ ਮੈ ਸਭ ਪਤਾ ਚਲ ਰਹਾ ਹੈ। ਲੇਕਿਨ ਸਰ ਹਮ ਤੋ ਇਨਕੇ ਬੀਚ ਰਹਤੇ ਹੈਂ! ਤੋ ਕਿਆ ਹੂਆ ਤੁਮੇ ਥੋੜੀ ਬਤਾਏਗੇਂ ? ਲੇਕਿਨ ਸਰ ਮੈਂ ਤੋ ਕਈ ਸਾਲੋਂ ਸੇ ਯਹਾ ਹੂੰ! ਹਮੇ ਲਗਤਾ ਹੈ ਤੂੰ ਭੀ ਇਨਕਾ ਬੰਦਾ ਹੈ। ਤੇਰੀ ਬੀਹ ਰਿਪੋਰਟ ਕਰਨੀ ਪੜੇਗੀ। ਚਲ ਜਵਾਨ ਇਸੇ ਬੀਹ ਪਕੜ ਔਰ ਅੰਦਰ ਗਏ ਲੋਗੋਂ ਕੇ ਸਾਥ ਬੰਦ ਕਰ ਦੇ ਰਾਤ ਕੋ ਮਾਰ ਕੇ ਇਸਕੀ ਗਿਣਤੀ ਆਤੰਕਵਾਦੀਓ ਦੁਆਰਾ ਮਾਰੇ ਗਏ ਜਵਾਨੋ ਮੇਂ ਕਰ ਦੇਨਾ ਇਸਕੇ ਪਰਿਵਾਰ ਕਾ ਬਲ੍ਹਾ ਹੋ ਜਾਏਗਾ।

ਇਸਕੋ ਭੀ ਬ ?ਹੀੜ ਕੇ ਸਾਥ ਬੰਦ ਕਰੋ।

ਫੇਰ ਆਰਮਡ ਫੋਰਸਾਂ ਰੁਝ ਗਈਆਂ ਇੰਦਰਾਂ ਗਾਂਧੀ ਦੇ ਮਨਸੂਬਿਆਂ ਨੂੰ ਪੂਰਾ ਕਰਨ ਤੇ ਪਹਿਲਾ ਗੋਲਾ ਦਰਬਾਰ ਸਾਹਿਬ ਕੰਪਲੈਕਸ ਅੰਦਰ ਦਾਗ ਕੇ ਜੰਗ ਦੀ ਸ਼ੁਰੂਆਤ ਹੋ ਗਈ।

ਰਿਕਾਰਡ ਦੱਸਦੇ ਹਨ ਕਿ ਡੈਮਜ ਵੱਡਾ ਦਿਖਾਉਣ ਲਈ ਫੌਜ ਨੇ ਆਪਣੇ ਕਈ ਜਵਾਨ ਤੇ ਮਾਸੂਮ ਲੋਕਾਂ ਦੀ ਬਲੀ ਦੇ ਸਭ ਕੁਝ ਪਹਿਲੇ ? ਦਿਨ ਖਾੜਕੂਆਂ ਦੇ ਮ ?ਥੇ ਮੜ ਕੇ ਫੌਜ ਦਾ ਹਮਲਾ ਕਰਨ ਜਾਇਜ ਹੈ ਇਸਦਾ ਰਾਹ ਐਨ ਬਿਲਕੁਲ ਪੱਧਰਾ ਕਰ ਦਿੱਤਾ। ਪਰ ਅਜੇ ਜੋ ਹੋਣਾ ਸੀ ਫੌਜ ਨਾਲ ਇਹ ਸਭ ਇਹ ਵੀ ਨਹੀਂ ਸਨ ਜਾਣਦੇ।

**ਸੁਰਜੀਤ ਸਿੰਘ ਜਰਮਨੀ (ਡਾ.)**

## ( ਪਿੰਡਾਂ ਦੀ ਕਹਾਣੀ )

ਸ਼ਾਮ ਢੱਲੀ ਨੂੰ ਸੌਂ ਜਾਂਦੇ ਸਾਡੇ ਪਿੰਡਾਂ ਵਿੱਚ
ਪੱਤੇ ਰੁੱਖਾਂ ਦੇ।
ਇਥੇ ਕੱਢਣ ਜਲੇਬੀਆਂ ਭੋਗਾਂ ਲਈ
ਤੇ ਲੱਡੂ ਵੰਡਣ ਸੁੱਖਾਂ ਦੇ।
ਇਥੇ ਕਟ ਜਾਣਦੇ ਲੋਕੀਂ ਨਾਵਾਂ ਨੂੰ
ਮਸ਼ਹੂਰ ਕੀਤੀਆ ਅਲਾਂ ਨੇ।
ਇਹ ਪਾਂ ਕੇ ਜੀਟਰ ਪਿਛੇ ਖਿੱਚ ਲੈਂਦੇ,
ਭਾਰੀ ਬਾਰਾਂ ਤੱਬੀਆ ਹੱਲਾਂ ਨੇ।
ਸੁਆਣੀਆਂ ਲੱਗੀ ਔੜ ਤੇ ਫੂਕਣ ਗੁੱਡੀ ਨੂੰ,
ਬਰਸਾਤੀ ਤੀਆਂ ਲਗਦੇ ਮੇਲੇ ਨੇ।
ਸਾਨੂੰ ਸਿਰ ਖੁਰਕਣ ਦੀ ਵਿਹਲ ਨਹੀਂ,
ਉਂਝ ਦੇਖਣ ਨੂੰ ਸੱਭ ਵੇਹਲੇ ਨੇ।
ਇਹ ਤਾਅ ਨੇ ਦਿੰਦੇ ਮੁਛਾਂ ਨੂੰ,
ਪੱਕੀਆਂ ਫ਼ਸਲਾਂ ਦੇਖ ਕੇ ਖੜੀਆਂ ਤੇ।
ਸੱਭ ਰੱਲਕੇ ਦਿੰਦੇ ਦੇਗ ਨੇ ਪੀਰਾਂ ਦੀ,
ਤੇ ਰੋਟ ਚਾੜ੍ਹਦੇ ਮੜੀਆਂ ਤੇ।
ਇਹ ਸੰਗਰਾਂਦ ਮਹੀਨਾਂ ਸੁਣਦੇ ਨੇ,
ਗੁਰੂ ਘਰ ਜਾਂ ਕੇ ਭਾਈ ਤੋਂ।
ਇਹ ਮਿੱਠਾ ਬਨਾਉਂਣਾ ਭੁੱਲਦੇ ਨਹੀਂ,
ਘਰ ਨਵੀਂ ਚੀਜ਼ ਕੋਈ ਆਈਂ ਤੋਂ।
ਮੀਤ ' ਸੱਭ ਹਲਟੀ ਖੂਹੀਆਂ ਉੱਜੜ ਗਏ,
ਹੁਣ ਭੁੱਲ ਗਏ ਨੇ ਸੱਭ ਟਿੰਡਾਂ ਨੂੰ।
ਸਾਡੀ ਰੂਹ ਵੱਸਦੀ ਏ ਇਨ੍ਹਾਂ ਖੇਤਾਂ ਵਿੱਚ,
ਰੱਬਾ ਵੱਸਦਾ ਰੱਖੀਂ ਇਨ੍ਹਾਂ ਪਿੰਡਾਂ ਨੂੰ।
ਰੱਬਾ ਵੱਸਦਾ ਰੱਖੀਂ ਇਨ੍ਹਾਂ ਪਿੰਡਾਂ ਨੂੰ।

**ਟਾਹਲੀ ਵਾਲਾ ਮੀਤ**

# 10 ਸਾਲ ਬੀਤ ਜਾਣ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੀ ਬੇਅਦਬੀ ਕਰਨ ਵਾਲਿਆ ਨੂੰ ਕਰਵਾਉਣ ਵਾਲੇ ਦੋਸ਼ੀਆਂ ਨੂੰ ਗ੍ਰਿਫਤਾਰ ਨਾ ਕਰਨ ਕਰਕੇ ਪਸ਼ਚਾਤਾਪ ਦਿਵਸ ਮਨਾਇਆ ਗਿਆ : ਜਸਕਰਨ ਸਿੰਘ ਕਾਹਨਸਿੰਘ ਵਾਲਾ

## ਸਿੱਖ ਕੌਮ ਦੇ ਜ ਜਗਤਾਰ ਸਿੰਘ ਹਵਾਰਾ ਸਮੇਤ ਬੰਦੀ ਸਿੰਘਾਂ ਨੂੰ ਅਤੇ ਡਿਬਰੂਗੜ ਜੇਲ੍ਹ ਵਿੱਚ ਬੰਦ ਸਿੰਘਾਂ ਨੂੰ ਤੁਰੰਤ ਰਿਹਾਅ ਕਰੇ ਇੰਡੀਅਨ ਸਟੇਟ:- ਅਕਾਲੀ ਦਲ ਵਾਰਿਸ ਪੰਜਾਬ ਦੇ

**ਬਰਗਾੜੀ ਫ਼ਰੀਦਕੋਟ (ਗੁਰਪ੍ਰੀਤ )** ਅਕਾਲੀ ਦਲ ਵਾਰਿਸ ਪੰਜਾਬ ਦੇ ਸੀਨੀਅਰ ਆਗੂ ਸਰਦਾਰ ਜਸਕਰਨ ਸਿੰਘ ਕਾਹਨਸਿੰਘ ਵਾਲਾ ਦੀ ਸੇਵਾਦਾਰੀ ਹੇਠ ਸਮੂਚੀ ਪਾਰਟੀ ਦੇ 15 ਮੈਂਬਰੀ ਜੱਥੇ ਨੇ ਹਰ ਮਹੀਨੇ ਦੀ ਤਰ੍ਹਾਂ ਸਮੂਚੀ ਮਨੁੱਖਤਾ ਦੇ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੀ ਬੇਅਦਬੀ ਕਰਨ, ਕਰਵਾਉਣ ਅਤੇ ਉਨ੍ਹਾਂ ਦੋਸ਼ੀਆਂ ਨੂੰ ਬਚਾਉਣ ਵਾਲਿਆ ਅਤੇ ਰਹਿੰਦੇ ਦੋਸ਼ੀਆਂ ਨੂੰ ਤੁਰੰਤ ਗਿਰਫਤਾਰ ਕਰਨ ਜੋ ਸਰਬੱਤ ਖਾਲਸਾ ਵਿੱਚ ਸਿੱਖ ਕੌਮ ਵੱਲੋਂ ਥਾਪੇ ਗਏ ਸਿੰਘ ਸਾਬ ?ਹ ਭਾਈ ਜਗਤਾਰ ਸਿੰਘ ਹਵਾਰਾ ਨੂੰ ਤੁਰੰਤ ਰਿਹਾ ਕਰਵਾਉਣ ਲਈ ਅੱਜ ਬਰਗਾੜੀ ਵਿਖੇ ਪਸਤਾਵ ਦਿਵਸ ਵਜੋਂ 15 ਸਿੰਘਾਂ ਦੇ ਜਥੇ ਨੇ ਅਕਾਲੀ ਦਲ ਵਾਰਸ ਪੰਜਾਬ ਦੇ ਦੇ ਸੀਨੀਅਰ ਆਗੂ ਸਰਦਾਰ ਜਸਕਰਨ ਸਿੰਘ ਕਾਹਨ ਸਿੰਘ ਵਾਲਾ ਦੀ ਅਗਵਾਈ ਹੇਠ 15 ਸਿੰਘਾਂ ਦੇ ਜਥੇ ਨੇ ਗ੍ਰਿਫਤਾਰੀ ਦਿੱਤੀ ਜਿਸ ਵਿੱਚ ਜਸਕਰਨ ਸਿੰਘ ਕਾਹਨ ਸਿੰਘ ਵਾਲਾ ਸਤਬੀਰ ਸਿੰਘ ਲੁਧਿਆਣਾ ਗੁਰਮੀਤ ਸਿੰਘ ਮਾਲਾ ਹਰਮੀਤ ਸਿੰਘ ਭਾਮੀਆ ਹਰਪ੍ਰੀਤ ਸਿੰਘ ਭਾਮੀਆ ਦਰਸ਼ਨ ਸਿੰਘ ਮਾਣੂਕੇ ਸਤਨਾਮ ਸਿੰਘ ਬਿਲਾਸਪੁਰ ਬਾਬਾ ਸਤਨਾਮ ਸਿੰਘ ਦਿਆਲਪੁਰੇ ਮਿਰਜੇ ਕੇ ਬਾਬਾ ਲੱਛਾ ਸਿੰਘ ਜੀ ਦਿਆਲਪੁਰਾ ਬਲਦੇਵ ਸਿੰਘ ਸੇਖਵਾਂ ਵੀਰ ਸਿੰਘ ਸੇਖਵਾ ਜਸਵੀਰ ਸਿੰਘ ਸੇਖਵਾ ਅਮਨਪ੍ਰੀਤ ਸਿੰਘ ਸੇਖਵਾ ਮਨਵਿੰਦਰ ਸਿੰਘ ਸੇਖਵਾ ਕੁਲਵਿੰਦਰ ਸਿੰਘ ਮਾਣੂਕੇ ਆਦਿ ਸਿੰਘਾਂ ਨੇ ਮੰਗ ਕੀਤੀ ਕਿ ਰਹਿੰਦੇ ਦੋਸ਼ੀ ਨੂੰ ਗਿ ?ਰਫਤਾਰ ਕਰਕੇ ਤੁਰੰਤ ਸਜ਼ਾ ਦਿੱਤੀ ਜਾਵੇ ਬਾਬਾ ਸਤਨਾਮ ਸਿੰਘ ਜੀ ਨੇ ਅਰਦਾਸ ਕੀਤੀ ਅਤੇ ਜਸਵਿੰਦਰ ਸਿੰਘ ਘੋਲੀਆ ਨੇ ਜੱਥੇ ਦੇ ਸਿੰਘਾਂ ਨੂੰ ਸਿਰੋਪਾਓ ਦੇਣ ਤੋਂ ਬਾਅਦ ਸਤਨਾਮ ਵਾਹਿਗੁਰੂ ਦਾ ਜਾਪ ਕਰਕੇ ਜੈਕਾਰਿਆਂ ਦੀ ਗੂੰਜ ਵਿੱਚ ਪੰਜਾਬ ਸਰਕਾਰ ਅਤੇ ਇੰਡੀਅਨ ਸਟੇਟ ਨੂੰ ਵੰਗਾਰਦਿਆਂ ਹੋਇਆ ਪਾਰਟੀ ਦੇ ਸੀਨੀਅਰ ਆਗੂ ਕਾਹਨਸਿੰਘ ਵਾਲਾ ਨੇ ਕਿਹਾ ਕਿ ਜਿਹੜੇ ਕਹਿੰਦੇ ਸੀ ਕਿ ਇਹ ਵਿਹਲੜ ਬੰਦੇ ਜਿਨ੍ਹਾਂ ਨੂੰ ਘਰ ਦੇ ਪੁੱਛਦੇ ਨਹੀਂ ਤੇ ਪੰਜਾਬ ਲੋਕਾਂ ਨੂੰ ਗੁੰਮਰਾਹ ਕਰਕੇ ਸਾਡੇ ਬਾਦਲ ਪਰਿਵਾਰ ਤੇ ਬਾਦਲ ਦਲ ਤੇ ਇਲਜਾਮਬਾਜੀ ਕਰ ਰਹੇ ਹਨ ਪਰ ਅਸੀਂ ਉਸ ਵਖਤ ਵੀ ਪੂਰੀ ਸਿੱਖ ਕੌਮ ਨੂੰ ਨਿਮਾਣੇ ਸਿੱਖਾਂ ਵਜੋਂ ਦੱਸ ਰਹੇ ਸੀ ਕਿ ਬਾਦਲ ਪਰਿਵਾਰ ਤੇ ਬਾਦਲ ਦਲ ਪੂਰਾ ਕੋਰਾ ਝੂੱਠ ਬੋਲ ਰਿਹਾ ਹੈ ਕੁਰਸੀ ਨੂੰ ਬਚਾਉਣ ਲਈ ਦੋਸ਼ੀਆਂ ਨਾਲ ਘਿਓ ਖਿਚੜੀ ਹੈ ਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਸਿਧਾਂਤ ਦੀਆਂ ਧੱਜੀਆਂ ਉਡਾ ਰਿਹਾ ਹੈ ਹੁਣ ਤਾਂ ਬਿੱਲੀ ਥੈਲਿਓ ਬਾਹਰ ਆ ਚੁੱਕੀ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਨੇ ਆਪ ਮਿਹਰ ਕਰਕੇ ਸ੍ਰੀ ਅਕਾਲ ਤਖਤ ਸਾਹਿਬ ਤੇ ਕੀਤੇ ਗੁਨਾਹਾਂ ਨੂੰ ਉਨ੍ਹਾਂ ਦੇ ਮੂੰਹ ਤੋਂ ਆਤ ਹੀ ਕਬੂਲ ਕਰਵਾ ਲਿਆ ਹੈ। ਹੁਣ ਭਗਵੰਤ ਮਾਨ ਸਰਕਾਰ ਤੈ ਇੰਡੀਅਨ ਸਟੇਟ ਆਪਣੇ ਆਪ ਕਬੂਲੇ ਹੋਏ ਗੁਰੂ ਗ੍ਰੰਥ ਸਾਹਿਬ ਜੀ ਦੇ ਦੋਸ਼ੀਆਂ ਸੁਖਵੀਰ ਸਿੰਘ ਬਾਦਲ, ਸਮੇਧ ਸਿੰਘ ਸੈਣੀ,ਸਿਰਸੇ ਵਾਲਾ ਸਾਧ, ਹਰਸ਼ ਧੂਰੀ ਅਤੇ ਸੰਦੀਪ ਕਲੇਰ ਸਮੇਤ ਭਾਈ ਕ੍ਰਿਸ਼ਨਭਗਵਾਨ ਸਿੰਘ ਤੇ ਗੁਰਜੀਤ ਸਿੰਘ ਸਰਾਵਾਂ ਨੂੰ ਸ਼ਹੀਦ ਕਰਨ ਵਾਲੇ ਦੋਸ਼ੀਆਂ ਨੂੰ ਤੁਰੰਤ ਗਿਰਫਤਾਰ ਕਰੇ। ਜੱਥੇਬੰਦੀ ਨੇ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਪਾਵਨ ਚਰਨਾ ਵਿੱਚ ਅਰਦਾਸ਼ ਬੇਨਤੀ ਕੀਤੀ ਕਿ ਗੁਰੂ ਸਾਹਿਬ ਜੀ ਜੇ ਆਪ ਜੀ ਸਿਰ ਵੱਡੇ ਤੋਂ ਲੜਾ ਸਕਦੇ ਹੋ,ਗੂੰਗਿਆਂ ਤੋਂ ਅਰਥ ਕਰਵਾ ਸਕਦੇ ਹੋ ,52 ਹਿੰਦੂਤਵੀ ਪਹਾੜੀ ਰਾਜਿਆਂ ਨੂੰ ਰਿਹਾਅ ਕਰਵਾ ਸਕਦੇ ਹੋ ਤਾਂ ਫਿਰ ਕਿਰਪਾ ਜੀ ਰਹਿੰਦੇ ਦੋਸ਼ੀਆਂ ਨੂੰ ਵੀ ਸ਼ਜਾ ਦਿਵਾਓ ਜੀ ਤੇ ਬੰਦੀ ਸਿੰਘਾਂ ਨੂੰ ਸਮੇਤ ਡਿਬਰੂਗੜ ? ਵਾਲਿਆ ਨੂੰ ਵੀ ਰਿਹਾਅ ਕਰਵਾਓ ਜੀ ਅਤੇ 2027 ਵਿੱਚ ਸਰਕਾਰ-ਏ-ਖਾਲਸਾ ਵੀ ਆਪਣੀ ਕਿਰਪਾ ਕਰਕੇ ਬਣਾਓ ਜੀ।





## 43,55000 ਰੁਪਏ ਦੀ ਧੋਖਾ ਧੜੀ ਕਰਨ ਦੇ ਦੋਸ਼ ਵਿੱਚ ਕੀਤੇ ਦੋ ਮੁਲਜ਼ਮ ਹੋਰ ਗ੍ਰਿਫਤਾਰ : ਇੰਸਪੈਕਟਰ ਰਜਿੰਦਰ ਸਿੰਘ ਮਿਨਹਾਸ

**ਹੁਸ਼ਿਆਰਪੁਰ - ( ਤਰਸੇਮ ਦੀਵਾਨਾ )** ਸੰਦੀਪ ਕੁਮਾਰ ਮਲਿਕ ਆਈ.ਪੀ.ਐਸ ਸੀਨੀਅਰ ਪੁਲਿਸ ਕਪਤਾਨ ਹੁਸ਼ਿਆਰਪੁਰ ਦੇ ਦਿਸ਼ਾ ਨਿਰਦੇਸ਼ਾ ਤੇ ਮੁਕੇਸ਼ ਕੁਮਾਰ ਐਸ.ਪੀ ਇੰਨਵੈਸਟੀਗੇਸ਼ਨ ਅਤੇ ਡੀ. ਐਸ. ਪੀ. ਦਸੂਹਾ ਦੀਆ ਹਦਾਇਤਾਂ ਮੁਤਾਬਿਕ ਇੰਸਪੈਕਟਰ ਰਜਿੰਦਰ ਸਿੰਘ ਮੁੱਖ ਅਫਸਰ ਥਾਣਾ ਦਸੂਹਾ ਦੀ ਅਗਵਾਈ ਹੇਠ ਏ ਐਸ ਆਈ ਸਰਬਜੀਤ ਸਿੰਘ ਨੇ ਧੋਖਾਧੜੀ ਦੇ ਕੇਸ ਤਹਿਤ 02 ਮੁਲਜਮਾਂ ਯੋਧਾ ਸਿੰਘ ਉਰਫ ਨਵਜੋਤ ਸਿੰਘ ਪੁਤਰ ਹਰਪਾਲ ਸਿੰਘ ਅਤੇ ਨਵਨੀਤ ਸਿੰਘ ਉਰਫ ਮਾਈਕਲ ਪੁਤਰ ਜਸਵੀਰ ਸਿੰਘ ਨੂੰ ਗ੍ਰਿਫਤਾਰ ਕੀਤਾ ਹੈ ਪੁਲਿਸ ਅਧਿਕਾਰੀਆ ਨੇ ਇਸ ਸਬੰਧੀ ਦੱਸਿਆ ਕਿ ਸੁੱਚਾ ਸਿੰਘ ਪੁੱਤਰ ਸੁਰਜੀਤ ਸਿੰਘ ਵਾਸੀ ਪਿੰਡ ਮੋਰੀਆ,



ਦਵਿੰਦਰ ਸਿੰਘ ਪੁੱਤਰ ਮਲਕੀਤ ਸਿੰਘ ਅਤੇ ਰਮਨ ਕੋਰ ਪਤਨੀ ਦਵਿੰਦਰ ਸਿੰਘ ਪਿੰਡ ਸੰਘੋਈ ਨੇ ਆਪਣੇ ਲੜਕੇ ਨੂੰ ਅਮਰੀਕਾ ਭੇਜਣ ਲਈ ਉਕਤ ਵਿਕਤੀਆਂ ਨੂੰ 43,55000 ਰੁਪਏ ਦਿੱਤੇ ਸਨ ਪਰੰਤੂ ਉਕਤ ਵਿਅਕਤੀਆਂ ਨੇ ਲੜਕੇ ਨੂੰ ਅਮਰੀਕਾ ਨਾ ਭੇਜ ਕੇ ਸੁੱਚਾ ਸਿੰਘ ਵਗੈਰਾ ਨਾਲ 43,55000 ਰੁਪਏ ਦੀ ਧੋਖਾਧੜੀ ਕੀਤੀ ਹੈ ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਸੁੱਚਾ ਸਿੰਘ ਵਗੈਰਾ ਵੱਲੋਂ ਦਿੱਤੀ ਗਈ ਦਰਖਾਸਤ ਦੀ ਇਨਕੁਆਇਰੀ ਕਰਨ ਤੋਂ ਉਪਰੰਤ ਉਕਤ ਵਿਅਕਤੀਆਂ ਤੇ ਥਾਣਾ ਦਸੂਹਾ ਵਿਖੇ ਮੁਕਦਮਾ ਦਰਜ ਕੀਤਾ ਗਿਆ ਉਹਨਾਂ ਦੱਸਿਆ ਕਿ ਇਸ ਮੁਕਦਮੇ ਵਿੱਚ ਮੁਲਜਮ ਦਵਿੰਦਰ ਸਿੰਘ ਨੂੰ ਗ੍ਰਿਫਤਾਰ ਕਰਕੇ ਪਹਿਲਾ ਹੀ ਜੇਲ ਭੇਜਿਆ ਗਿਆ ਸੀ ਤੇ ਉਸ ਤੋ ਬਾਦ ਵਿੱਚ ਤਫਤੀਸ਼ ਦੋਰਾਨ ਮੁਲਜਮ ਦਵਿੰਦਰ ਸਿੰਘ ਦੇ ਦੱਸਣ ਤੇ ਹੀ ਮੁਲਜਮ ਯੋਧਾ ਸਿੰਘ ਉਰਫ ਨਵਜੋਤ ਸਿੰਘ ਅਤੇ ਨਵਨੀਤ ਸਿੰਘ ਉਰਫ ਮਾਈਕਲ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਜਿਹਨਾ ਨੂੰ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ ਲਿਆ ਜਾਵੇਗਾ ਅਤੇ ਡੂੰਘਾਈ ਨਾਲ ਪੁੱਛ ਗਿੱਛ ਕੀਤੀ ਜਾਵੇਗੀ।

## ਭਾਰਤ ਦੇ ਕੁਝ ਹਿੱਸਿਆਂ ਵਿੱਚ ਕੋਵਿਡ ਦੇ ਕੇਸਾਂ ਨੂੰ ਮੱਦੇਨਜਰ ਸਿਹਤ ਵਿਭਾਗ ਫਾਜ਼ਿਲਕਾ ਨੇ ਅਡਵਾਈਜ਼ਰੀ ਜ਼ਾਰੀ ਕੀਤੀ

**ਫਾਜ਼ਿਲਕਾ -** ਦੇਸ਼ ਦੇ ਕੁਝ ਹਿੱਸਿਆਂ ਵਿੱਚ ਕੋਵਿਡ ਦੇ ਕੇਸਾਂ ਨੂੰ ਮੱਦੇਨਜ਼ਰ ਰੱਖਦੇ ਹੋਏ ਡਾ ਰਾਜ ਕੁਮਾਰ ਸਿਵਲ ਸਰਜਨ ਫਾਜ਼ਿਲਕਾ ਵੱਲੋਂ ਕੋਵਿਡ ਸਬੰਧੀ ਅਡਵਾਈਜ਼ਰੀ ਜਾਰੀ ਕੀਤੀ ਹੈ। ਡਾ ਰਾਜ ਕੁਮਾਰ ਸਿਵਲ ਸਰਜਨ ਵੱਲੋਂ ਲੋਕਾਂ ਨੂੰ ਅਪੀਲ ਕੀਤੀ ਕਿ ਕੋਵਿਡ ਦੀ ਬਿਮਾਰੀ ਤੋਂ ਕਿਸੇ ਵੀ ਤਰ੍ਹਾਂ ਘਬਰਾਹਟ ਵਿਚ ਆਉਣ ਦੀ ਕੋਈ ਲੋੜ ਨਹੀਂ ਹੈ। ਬਲਕਿ ਸਾਵਧਾਨੀਆਂ ਵਰਤਣ ਦੀ ਲੋੜ ਹੈ। ਡਾ ਸੁਨੀਤਾ ਕੰਬੋਜ਼ ਜਿਲ੍ਹਾ ਐਪੀਡਮੈਲੋਜਿਸਟ ਨੇ ਦੱਸਿਆ ਕਿ ਦੇਸ਼ ਦੇ ਕੁਝ ਹਿੱਸਿਆਂ ਵਿੱਚ ਸਾਹ ਨਾਲ ਸਬੰਧਿਤ ਬਿਮਾਰੀਆਂ ਵਿੱਚ ਹੌਲੀ ਹੌਲੀ ਵਾਧਾ ਦਰਜ਼ ਕੀਤਾ ਗਿਆ ਹੈ। ਇਸ ਜੇ.ਐਨ. ਵੇਰੀਐਂਟ ਵਿੱਚ ਹਲਕਾ ਬੁਖਾਰ, ਖਾਂਸੀ, ਗਲੇ ਵਿੱਚ ਛਾਲੇ ਅਤੇ ਦਰਦ ਹੋ ਸਕਦਾ ਹੈ।

## ਚਿੱਟਾ ਪੰਜਾਬ ਦੀ ਜਵਾਨੀ ਬਰਬਾਦ ਕਰ ਰਿਹਾ : ਮਨਮੋਹਨ ਸਿੰਘ ਸੋਢੀ

**ਜ਼ੀਰਾ - ( ਅੰਗਰੇਜ਼ ਬਰਾੜ )** - ਪੰਜਾਬ ਸਰਕਾਰ ਵੱਲੋਂ ਚਲਾਈ ਮੁਹਿੰਮ ÷ਯੁੱਧ ਨਸ਼ਿਆਂ ਵਿਰੁੱਧ, ਕਾਮਯਾਬ ਨਹੀਂ ਹੋ ਰਹੀ! ਇਹਨਾਂ ਸ਼ਬਦਾਂ ਪ੍ਰਗਟਾਵਾ ਕਰਦਿਆਂ ਸਾਬਕਾ ਸੈਨਿਕ ਯੂਨੀਅਨ ਜੀਰਾ ਦੇ ਪ੍ਰਧਾਨ ਸਰਦਾਰ ਮਨਮੋਹਨ ਸਿੰਘ ਸੋਢੀ ਨੇ ਜੀਰਾ ਵਿਖੇ ਪੱਤਰਕਾਰਾਂ ਕੋਲ ਕੀਤਾ। ਉਹਨਾਂ ਕਿਹਾ ਕਿ ਚਿੱਟੇ ਦਾ ਨਸ਼ਾ ਪੰਜਾਬ ਦੀ ਜਵਾਨੀ ਨੂੰ ਬਰਬਾਦ ਕਰ ਰਿਹਾ ਹੈ! ਸਰਦਾਰ ਸੋਢੀ ਨੇ ਅੱਗੇ ਕਿਹਾ ਕਿ ਚਿੱਟੇ ਦਾ ਨਸ਼ਾ ਪੰਜਾਬ ਦੀ ਜਵਾਨੀ ਬਰਬਾਦ ਕਰਨ ਦੇ ਨਾਲ - ਨਾਲ ਬੱਚਿਆਂ ਤੱਕ ਵੀ ਪਹੁੰਚ ਗਿਆ ਹੈ! ਉਹਨਾਂ ਕਿਹਾ ਕਿ ਅਨੇਕਾਂ ਨੌਜਵਾਨ ਚਿੱਟੇ ਨਸ਼ੇ ਦੀ ਭੇਟ ਚੜ ਚੁੱਕੇ ਹਨ। ਚਿੱਟੇ ਕਾਰਨ ਮੁਟਿਆਰਾਂ ਦੀਆਂ ਸੋਹੀਆਂ ਚੁੰਨੀਆਂ ਚਿੱਟੀਆਂ ਹੋ ਰਹੀਆਂ ਹਨ। ਮਨਮੋਹਨ ਸਿੰਘ ਸੋਢੀ ਨੇ ਕਿਹਾ ਕਿ ਵੱਡੇ ਆਗੂਆਂ ਦੀ ਮਿਹਰਬਾਨੀ ਕਰਕੇ ਹੀ ਚਿੱਟਾ ਫੈਲ ਰਿਹਾ ਹੈ। ਉਹਨਾਂ ਕਿਹਾ ਕਿ ਪੰਜਾਬ ਦੇ ਲੀਡਰ ਸਿਰਫ ਆਪਣਾ ਘਰ ਭਰਦੇ ਹਨ। ਉਹਨਾਂ ਸਰਕਾਰ ਨੂੰ ਅਪੀਲ ਕੀਤੀ ਕਿ ਚਿੱਟੇ ਵਿਰੁੱਧ ਦਿਲੋਂ ਕੰਮ ਕੀਤਾ ਜਾਵੇ ਤਾਂ ਕਿ ਪੰਜਾਬ ਦੀ ਜਵਾਨੀ ਨੂੰ ਬਚਾਇਆ ਜਾ ਸਕੇ!



# ਗੁਰੂ ਨਾਨਕ ਨੈਸ਼ਨਲ ਕਾਲਜ ਵਿਖੇ ਵਿਸ਼ਵ ਸਾਈਕਲ ਦਿਵਸ ਮਨਾਇਆ

## ਫਿਟ ਇੰਡੀਆ ਮੂਵਮੈਂਟ ਦੇ ਤਹਿਤ ਕਾਲਜ ਵੱਲੋ ਇੱਕ ਸਾਈਕਲ ਰੈਲੀ ਦਾ ਆਯੋਜਨ

**ਦੋਰਾਹਾ, ਲਾਲ ਸਿੰਘ ਮਾਂਗਟ** ਸਥਾਨਕ ਗੁਰੂ ਨਾਨਕ ਨੈਸ਼ਨਲ ਕਾਲਜ ਦੋਰਾਹਾ ਵਿਖੇ ਸਰੀਰਕ ਸਿੱਖਿਆ ਵਿਭਾਗ, ਐੱਨ ਐੱਸ ਐੱਸ ਅਤੇ ਐੱਨ ਸੀ ਸੀ ਯੂਨਿਟਾਂ ਵੱਲੋਂ ਵਿਸ਼ਵ ਸਾਈਕਲ ਦਿਵਸ ਮਨਾਇਆ ਗਿਆ। ਇਹ ਜਾਣਕਾਰੀ ਦਿੰਦਿਆਂ ਕਾਲਜ ਪ੍ਰਿੰਸੀਪਲ ਡਾ. ਸਰਵਜੀਤ ਕੌਰ ਬਰਾੜ ਨੇ ਦੱਸਿਆ ਕਿ ਭਾਰਤੀ ਵਿਸ਼ਵ ਵਿਦਿਆਲੇ ਸੰਘ ਅਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਫਿਟ ਇੰਡੀਆ ਮੂਵਮੈਂਟ ਦੇ ਤਹਿਤ ਕਾਲਜ ਵੱਲੋਂ ਵਿਸ਼ਵ ਸਾਈਕਲ ਦਿਵਸ ਮਨਾਉਂਦਿਆਂ ਇੱਕ ਸਾਈਕਲ ਰੈਲੀ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਸਰੀਰਕ ਸਿੱਖਿਆ ਵਿਭਾਗ ਦੇ ਮੁਖੀ ਡਾ. ਨਿਰਲੇਪ ਕੌਰ ਨੇ ਸਾਈਕਲ ਰੈਲੀ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਇਸ ਸਾਈਕਲ ਰੈਲੀ ਵਿੱਚ ਕਾਲਜ ਦੇ ਖਿਡਾਰੀ ਵਿਦਿਆਰਥੀਆਂ, ਐੱਨ ਐੱਸ ਐੱਸ ਵਾਲੰਟੀਅਰਾਂ, ਐੱਨ ਸੀ ਸੀ ਕੈਡਿਟਾਂ ਅਤੇ ਨਗਰ ਨਿਵਾਸੀਆਂ ਨੇ ਭਾਗ ਲੈਂਦਿਆਂ ਸਮਾਜ ਨੂੰ ਸਰਗਰਮ ਅਤੇ ਕਿਰਿਆਸ਼ੀਲ ਜੀਵਨ ਜਾਚ ਅਪਣਾਉਣ ਲਈ ਪ੍ਰੇਰਿਆ। ਇਸ ਸਾਈਕਲ ਰੈਲੀ ਰਾਹੀਂ ਰੋਜ਼ਾਨਾ ਸਾਈਕਲ ਚਲਾਉਣ ਨਾਲ਼ ਸਿਹਤ ਅਤੇ ਵਾਤਾਵਰਨ ਨੂੰ ਹੋਣ ਵਾਲ਼ੇ ਫ਼ਾਇਦਿਆਂ ਬਾਰੇ ਜਾਗਰੂਕ ਕੀਤਾ ਗਿਆ। ਇਸ ਰੈਲੀ ਦੇ ਆਯੋਜਨ ਵਿੱਚ ਸਰੀਰਕ ਸਿੱਖਿਆ ਵਿਭਾਗ ਦੇ ਮੁਖੀ ਡਾ. ਨਿਰਲੇਪ ਕੌਰ, ਐੱਨ ਐੱਸ ਐੱਸ ਪ੍ਰੋਗਰਾਮ ਅਫ਼ਸਰ ਡਾ. ਗੁਰਪ੍ਰੀਤ ਸਿੰਘ, ਏ ਐੱਨ ਓ ਲੈਫ਼ਟੀਨੈਂਟ ਪ੍ਰੋ. ਸਨਦੀਪ ਸਿੰਘ ਹੁੰਦਲ ਅਤੇ ਡਾ. ਕਰਮਜੀਤ ਸਿੰਘ ਨੇ ਮਹੱਤਵਪੂਰਨ ਯੋਗਦਾਨ ਪਾਇਆ। ਇਸ ਮੌਕੇ ਡਾ. ਸੋਮਪਾਲ ਹੀਰਾ, ਸਹਾਇਕ ਲਾਇਬ੍ਰੇਰੀਅਨ ਸ਼ ?ਰੀ ਕੁਲਵੰਤ ਸਿੰਘ, ਸ਼ ?ਰੀ ਜਰਨੈਲ ਸਿੰਘ, ਸ਼ ?ਰੀ ਪਰਮਜੀਤ ਸਿੰਘ, ਕਾਲਜ ਦੇ ਸਹਾਇਕ ਕਰਮਚਾਰੀ ਅਤੇ ਨਗਰਵਾਸੀ ਹਾਜ਼ਰ ਸਨ।ਇਸ ਸਾਈਕਲ ਰੈਲੀ ਦੇ ਸਫ਼ਲਤਾਪੂਰਵਕ ਆਯੋਜਨ ਲਈ ਕਾਲਜ ਦੀ ਪ੍ਰਬੰਧਕੀ ਕਮੇਟੀ ਦੇ ਅਹੁਦੇਦਾਰਾਂ, ਮੈਂਬਰ ਸਾਹਿਬਾਨ ਅਤੇ ਕਾਲਜ ਪ੍ਰਿੰਸੀਪਲ ਡਾ. ਸਰਵਜੀਤ ਕੌਰ ਬਰਾੜ ਨੇ ਸੰਬੰਧਿਤ ਪ੍ਰਾਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੱਤੀ।




## ਆਮ ਆਦਮੀ ਪਾਰਟੀ ਦੀ ਸਰਕਾਰ ਦੇ ਕਾਰਜਕਾਲ ਦੌਰਾਨ ਕਾਨੂੰਨ ਵਿਵਸਥਾ ਪੂਰੀ ਤਰ੍ਹਾਂ ਫੇਲ੍ਹ ਹੋ ਚੁੱਕੀ ਹੈ : ਐਡਵੋਕੇਟ ਸ਼ਮਸੇਰ ਭਾਰਦਵਾਜ

**ਹੁਸ਼ਿਆਰਪੁਰ - ( ਤਰਸੇਮ ਦੀਵਾਨਾ )** ਪਿਛਲੇ ਕੁਝ ਹਫ਼ਤਿਆਂ ਵਿੱਚ ਪੰਜਾਬ ਹਿਲ ਕੇ ਰਹਿ ਗਿਆ ਹੈ। ਇੱਕ ਦੇ ਬਾਅਦ ਇੱਕ ਹੋ ਰਹੀਆਂ ਦਿਲ ਦਹਿਲਾ ਦੇਣ ਵਾਲੀਆਂ ਘਟਨਾਵਾਂ ਨੇ ਸਾਬਤ ਕਰ ਦਿੱਤਾ ਹੈ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਹੇਠ ਕਾਨੂੰਨ ਤੇ ਕਾਇਦਾ ਪੂਰੀ ਤਰ੍ਹਾਂ ਫੇਲ੍ਹ ਹੋ ਚੁੱਕੇ ਹਨ। ਥੋੜੇ ਦਿਨ ਪਹਿਲਾ ਜਲੰਧਰ ਵਿੱਚ ਦਿਨ ਦਿਹਾੜੇ ਇੱਕ ਵਕੀਲ ਦੀ ਬੇਰਹਿਮੀ ਨਾਲ ਹੱਤਿਆ ਕਰ ਦਿੱਤੀ ਗਈ। ਇਹ ਹਮਲਾ ਸਿਰਫ ਇੱਕ ਵਿਅਕਤੀ ਉੱਤੇ ਨਹੀਂ ਸਗੋਂ ਪੂਰੀ ਕਾਨੂੰਨ ਪ੍ਰਣਾਲੀ ਉੱਤੇ ਇੱਕ ਧੱਕਾ ਹੈ । ਇਸ ਤੋ ਕੁਝ ਦਿਨ ਪਹਿਲਾਂ ਜੰਡਿਆਲਾ ਗੁਰੂ 'ਚ ਇੱਕ ਮੌਜੂਦਾ ਕੌਂਸਲਰ ਦੀ ਹੱਤਿਆ ਕੀਤੀ । ਇਹ ਲੋਕਤੰਤਰ ਉੱਤੇ ਸਿੱਧਾ ਹਮਲਾ ਹੈ। ਇਹ ਵੱਖ-ਵੱਖ ਘਟਨਾਵਾਂ ਇੱਕ ਖ਼ਤਰਨਾਕ ਰੁਝਾਨ ਦੀ ਨਿਸ਼ਾਨਦੇਹੀ ਕਰਦੀਆਂ ਹਨ। ਇਹਨਾਂ ਗੱਲਾਂ ਦਾ ਪ੍ਰਗਟਾਵਾ ਸ਼ਰੋਮਣੀ ਅਕਾਲੀ ਦਲ ਬਾਦਲ ਦੇ ਜਿਲ੍ਹਾ ਹੁਸ਼ਿਆਰਪੁਰ ਦੇ ਐਸਸੀ ਵਿੰਗ ਦੇ ਜਿਲ੍ਹਾ ਸ਼ਹਿਰੀ ਪ੍ਰਧਾਨ ਐਡਵੋਕੇਟ ਸ਼ਮਸੇਰ ਸਿੰਘ ਭਾਰਦਵਾਜ ਨੇ ਸਾਡੇ ਪੱਤਰਕਾਰ ਨਾਲ ਇੱਕ ਪ੍ਰੈਸ ਵਾਰਤਾ ਦੌਰਾਨ ਕੀਤਾ ਉਹਨਾਂ ਕਿਹਾ ਕਿ ਲੁਧਿਆਣਾ ਵਿੱਚ ਤਿੰਨ ਗਰੀਬ ਦਲਿਤ ਲੋਕਾਂ ਦੀ ਜ਼ਹਿਰੀਲੀ ਸ਼ਰਾਬ ਪੀਣ ਕਾਰਨ ਮੌਤ ਹੋ ਗਈ। ਇਹ ਕੋਈ ਇਤਫ਼ਾਕ ਨਹੀਂ ਸੀ ਇਹ ਉਸੀ ਤਰ੍ਹਾਂ ਦੀ ਇਕ ਹੋਰ ਦਰਦਨਾਕ ਘਟਨਾ ਸੀ ਜੋ ਹੁਣ ਆਮ ਹੋ ਚੁੱਕੀ ਹੈ। ਪਿਛਲੇ ਦਿਨੀ ਮਜੀਠਾ ਵਿੱਚ ਹੀ 27 ਲੋਕ, ਜਹਿਰੀਲੀ ਸਰਾਬ ਪੀਣ ਨਾਲ ਇਸ ਰੰਗਲੀ ਦੁਨੀਆ ਨੂੰ ਅਲਵਿਦਾ ਆਖ ਗਏ ਜਿਨ੍ਹਾਂ ਵਿੱਚ ਜ਼ਿਆਦਾਤਰ ਐਸਸੀ.ਵਰਗ ਨਾਲ ਸਬੰਧਤ ਲੋਕ ਸਨ। ਉਹਨਾਂ ਕਿਹਾ ਕਿ ਪੰਜਾਬ ਵਿੱਚ ਗੈਂਗ ਵਾਰਾਂ ਹਰ ਰੋਜ਼ ਦੀ ਗੱਲ ਬਣ ਗਈ ਹੈ। ਅਪਰਾਧੀ ਬੇਖੌਫ਼ ਹੋ ਕੇ ਘੁੰਮ ਰਹੇ ਹਨ। ਨਾ ਸਜ਼ਾ,ਨਾ ਡਰ, ਨਾ ਕੋਈ ਰੋਕ। ਪੁਲਿਸ ਮੂਕ ਦਰਸ਼ਕ ਬਣੀ ਹੋਈ ਹੈ। ਕਾਨੂੰਨ ਦੀ ਉਲੰਘਣਾ ਕਰਨ ਵਾਲੇ ਲੋਕਾਂ ਨੂੰ ਮਾਨ ਸਰਕਾਰ ਹੇਠ ਖੁੱਲੀ ਛੂਟ ਮਿਲੀ ਹੋਈ ਹੈ, ਪਰ ਆਮ ਨਾਗਰਿਕ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ। ਉਹਨਾਂ ਕਿਹਾ ਕਿ ਇਸ ਤਬਾਹੀ ਦਾ ਜ਼ਿੰਮੇਵਾਰ ਕੌਣ ਹੈ? ਪੰਜਾਬ ਪੁਲਿਸ ਨੂੰ ਰਾਜਨੀਤਿਕ ਦਖਲਅੰਦਾਜ਼ੀ ਨੇ ਬੇਅਸਰ ਕਰ ਦਿੱਤਾ ਹੈ ਉਹਨਾਂ ਕਿਹਾ ਕਿ ਗ੍ਰਹਿ ਵਿਭਾਗ ਖੁਦ ਮੁੱਖ ਮੰਤਰੀ ਭਗਵੰਤ ਮਾਨ ਕੋਲ ਹੈ, ਉਹ ਲੋਕਾਂ ਦੀ ਜਾਨ ਤੇ ਇੱਜ਼ਤ ਦੀ ਰਾਖੀ ਕਰਨ ਵਿੱਚ ਨਾਕਾਮ ਰਹਿਆ ਹੈ। ਉਹਨਾਂ ਕਿਹਾ ਕਿ ਇਹ ਸਾਰੀ ਭਗਵੰਤ ਮਾਨ ਦੀ ਜ਼ਿੰਮੇਵਾਰੀ ਹੈ ,ਕਿਉਂਕਿ ਉਨ੍ਹਾਂ ਨੇ ਹੀ ਗ੍ਰਹਿ ਵਿਭਾਗ ਆਪਣੇ ਕੋਲ ਰੱਖਿਆ ਹੋਇਆ ਹੈ ।ਉਹਨਾਂ ਕਿਹਾ ਕਿ ਅੱਜ ਜੇ ਸੂਬੇ ਦੇ ਲੋਕ ਸੜ ਰਹੇ ਹਨ ਜਾ ਮਰ ਰਹੇ ਹਨ ਤਾਂ ਉਸ ਲਈ ਸਿੱਧੀ ਤਰ੍ਹਾਂ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਹੀ ਜ਼ਿੰਮੇਵਾਰ ਹੈ ।



## ਸਵ:ਗੁਰਮੀਤ ਕੌਰ ਮੱਟੂ ਦੀ ਯਾਦ ਨੂੰ ਸਮਰਪਿਤ ਕਰਵਾਏ ਭਾਸਣ ਮੁਕਾਬਲੇ ਦੇ ਜੇਤੂਆਂ ਨੂੰ ਨਗਦ ਰਾਸ਼ੀ ਨਾਲ ਸਨਮਾਨਿਆ

**ਅੰਮ੍ਰਿਤਸਰ** - ਮਾਣ ਧੀਆਂ ਤੇ ਸਮਾਜ ਭਲਾਈ ਸੋਸਾਇਟੀ (ਰਜਿ) ਅੰਮ੍ਰਿਤਸਰ ਵੱਲੋਂ ਸਵਰਗੀ ਗੁਰਮੀਤ ਕੌਰ ਮੱਟੂ ਦੀ ਯਾਦ ਨੂੰ ਸਮਰਪਿਤ ਕਰਵਾਏ ਗਏ ਭਾਸਣ ਮੁਕਾਬਲੇ ਵਿੱਚ ਸਟਾਲਵਰਟਸ ਵਰਲਡ ਸਕੂਲ ਦੀ ਅਨੁਸ਼ਾ ਸ਼ਰਮਾ ਨੂੰ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੀ 1500 ਰੁਪਏ,ਗ੍ਰੇਟ ਇੰਡੀਆ ਪ੍ਰੈਜ਼ੀਡੈਂਸੀ ਸਕੂਲ ਦੀ ਅੱਬੀ ਕੌਰ ਨੂੰ ਦੂਸਰਾ ਸਥਾਨ ਪ੍ਰਾਪਤ ਕਰਨ ਤੇ 1200 ਰੁਪਏ ਅਤੇ ਡੀਡੀਆਈ ਸਕੂਲ ਦੀ ਹਰਲੀਨ ਕੌਰ ਨੂੰ ਤੀਸਰਾ ਸਥਾਨ ਤੀਸਰਾ ਸਥਾਨ ਪ੍ਰਾਪਤ ਕਰਨ 1000 ਰੁਪਏ ਨਗਦ ਇਨਾਮ ਅਤੇ ਯਾਦਗਾਰੀ ਚਿੰਨ ਦੇ ਕੇ ਸਨਮਾਨਿਤ ਕਰਦੇ ਹੋਏ ਡਾ. ਹਰਨੂਰ ਢਿੱਲੋਂ (ਸਹਾਇਕ ਕਮਿਸ਼ਨਰ (ਜ) ਅੰਮ੍ਰਿਤਸਰ, ਪ੍ਰਧਾਨ ਗੁਰਿੰਦਰ ਸਿੰਘ ਮੱਟੂ, ਪ੍ਰਿੰ.ਮਨੀਸ਼ਾ ਧਾਨੁੰਕਾ, ਵਸੁੰਧਰਾਂ ਬਾਂਸਲ ਅਤੇ ਸ਼ੈਲੀ ਸ਼ਰਮਾ।



## ਸਿਵਲ ਹਸਪਤਾਲ ਗੜ੍ਹਸ਼ੰਕਰ ਵਿਖੇ ਵਿਸ਼ਵ ਤੰਬਾਕੂ ਰੋਕਥਾਮ ਦਿਵਸ ਮਨਾਇਆ ਗਿਆ

**ਗੜ੍ਹਸ਼ੰਕਰ - (ਰਾਕੇਸ਼ ਕੁਮਾਰ)**- ਵਿਸ਼ਵ ਤੰਬਾਕੂ ਰੋਕਥਾਮ ਦਿਵਸ ਸਬੰਧੀ ਸਿਵਲ ਹਸਪਤਾਲ ਗੜ੍ਹਸ਼ੰਕਰ ਵਿਖੇ ਇਕ ਵਿਸ਼ੇਸ਼ ਸਹੁੰ ਚੁੱਕ ਸਮਾਰੋਹ ਦਾ ਆਯੋਜਨ ਕੀਤਾ ਗਿਆ। ਜਿਸਦਾ ਮੁੱਖ ਉਦੇਸ਼ ਲੋਕਾਂ ਵਿੱਚ ਤੰਬਾਕੂ ਦੇ ਨੁਕਸਾਨਾਂ ਬਾਰੇ ਜਾਗਰੂਕਤਾ ਫੈਲਾਉਣਾ ਅਤੇ ਤੰਬਾਕੂ ਰਹਿਤ ਜੀਵਨਸ਼ੈਲੀ ਨੂੰ ਉਤਸ਼ਾਹਿਤ ਕਰਨਾ ਸੀ।ਇਸ ਵਿੱਚ ਡਾਕਟਰਾਂ, ਨਰਸਿੰਗ ਸਟਾਫ, ਹੋਰ ਹਸਪਤਾਲ ਕਰਮਚਾਰੀਆਂ, ਨਰਸਿੰਗ ਵਿਦਿਆਰਥੀਆਂ ਅਤੇ ਸਥਾਨਕ ਨਿਵਾਸੀਆਂ ਨੇ ਭਾਗ ਲਿਆ। ਇਸ ਮੌਕੇ ਸੀਨੀਅਰ ਮੈਡੀਕਲ ਅਫਸਰ ਡਾਕਟਰ ਸੰਤੋਖ ਰਾਮ ਦੀ ਅਗਵਾਈ ਹੇਠ ਹਾਜਰ ਲੋਕਾਂ ਨੇ ਤੰਬਾਕੂ ਤੋਂ ਦੂਰ ਰਹਿਣ ਦੀ ਸਹੁੰ ਚੁੱਕੀ ਅਤੇ ਹੋਰਾਂ ਨੂੰ ਵੀ ਤੰਬਾਕੂ ਛੱਡਣ ਲਈ ਪ੍ਰੇਰਿਤ ਕਰਨ ਦਾ ਵਾਅਦਾ ਕੀਤਾ। ਇਸ ਮੌਕੇ ਲੋਕਾਂ ਨੂੰ ਵਿਸ਼ਵ ਤੰਬਾਕੂ ਰੋਕਥਾਮ ਦਿਵਸ ਦੀ ਮਹੱਤਤਾ ਦੱਸਦੇ ਹੋਏ ਤੰਬਾਕੂ ਦੇ ਸਿਹਤ ਉੱਤੇ ਪ੍ਰਭਾਵਾਂ ਬਾਰੇ ਜਾਣੂ ਕਰਵਾਇਆ ਗਿਆ।



## ਅਜੋਕੇ ਸਮੇਂ ਵਿੱਚ ਸੋਸ਼ਲ ਮੀਡੀਆ ਸਾਡੇ ਜੀਵਨ ਦਾ ਇੱਕ ਅਹਿਮ ਅੰਗ ਬਣ ਚੁੱਕਾ : ਭੁਪਿੰਦਰ ਸਿੰਘ ਪਿੰਕੀ

**ਹੁਸ਼ਿਆਰਪੁਰ - ( ਤਰਸੇਮ ਦੀਵਾਨਾ )** ਅਜੋਕੇ ਸਮੇਂ ਵਿੱਚ ਸੋਸ਼ਲ ਮੀਡੀਆ ਸਾਡੇ ਜੀਵਨ ਦਾ ਇੱਕ ਅਹਿਮ ਅੰਗ ਬਣ ਚੁੱਕਾ ਹੈ। ਇਹ ਸਿਰਫ ਸੰਚਾਰ ਦਾ ਸਾਧਨ ਹੀ ਨਹੀਂ, ਸਗੋਂ ਸਾਡੀ ਸੋਚ, ਸਮਾਜ ਅਤੇ ਕਾਰੋਬਾਰ ਤੇ ਵੀ ਇਸਦਾ ਡੂੰਘਾ ਪ੍ਰਭਾਵ ਪੈਂਦਾ ਹੈ। ਸੋਸ਼ਲ ਮੀਡੀਆ ਵਿੱਚ ਫੇਸਬੁੱਕ, ਟਵਿੱਟਰ, ਇੰਸਟਾਗ੍ਰਾਮ,ਸਨੈਪਚੈਟ ਅਤੇ ਯੂਟਿਊਬ ਵਰਗੇ ਕਈ ਮੰਚ ਸ਼ਾਮਲ ਹਨ ਜੋ ਸਾਡੇ ਰੋਜ਼ਾਨਾ ਜੀਵਨ ਦਾ ਹਿੱਸਾ ਬਣ ਗਏ ਹਨ ।ਇਹ ਵਿਚਾਰ ਉੱਘੇ ਸਮਾਜ ਸੇਵਕ ਅਤੇ ਬੁੱਧੀਜੀਵੀ ਸ਼ਖਸ਼ੀਅਤ ਭੁਪਿੰਦਰ ਸਿੰਘ ਪਿੰਕੀ ਨੇ ਸਾਡੇ ਪੱਤਰਕਾਰ ਨਾਲ ਇੱਕ ਵਾਰਤਾ ਦੌਰਾਨ ਕੀਤੇ ਉਹਨਾਂ ਕਿਹਾ ਕਿ ਸੋਸ਼ਲ ਮੀਡੀਆ ਨੇ ਸਾਡੇ ਸੰਚਾਰ ਦੇ ਢੰਗ ਨੂੰ ਪੂਰੀ ਤਰ੍ਹਾਂ ਬਦਲ ਦਿੱਤਾ ਹੈ। ਹੁਣ ਅਸੀਂ ਪਲਕ ਝਪਕਦੇ ਹੀ ਆਪਣੇ ਦੋਸਤਾਂ ਅਤੇ ਪਰਿਵਾਰ ਦੇ ਨਾਲ ਤਾਲਮੇਲ ਕਰ ਸਕਦੇ ਹਾਂ।ਇਸ ਨਾਲ ਦੂਰੀਆਂ ਮਿਟ ਗਈਆਂ ਹਨ ਅਤੇ ਸਾਡੇ ਵਿਚਾਰਾਂ ਅਤੇ ਅਨੁਭਵਾਂ ਨੂੰ ਸਾਂਝਾ ਕਰਨਾ ਬਹੁਤ ਹੀ ਆਸਾਨ ਹੋ ਗਿਆ ਹੈ। ਉਹਨਾਂ ਕਿਹਾ ਕਿ ਸੋਸ਼ਲ ਮੀਡੀਆ ਸਮਾਜ ਦੇ ਕਈ ਪਹਿਲੂਆਂ 'ਤੇ ਅਸਰ ਪਾਉਂਦਾ ਹੈ। ਇਹ ਲੋਕਾਂ ਦੀ ਰਾਏ ਬਣਾਉਣ ਵਿੱਚ, ਰਾਜਨੀਤਿਕ ਅੰਦੋਲਨਾਂ ਨੂੰ ਪ੍ਰੇਰਿਤ ਕਰਨ ਵਿੱਚ ਅਤੇ ਵਿਸ਼ੇਸ਼ ਤੌਰ 'ਤੇ ਨੌਜਵਾਨਾਂ ਦੀ ਮਾਨਸਿਕ ਸਿਹਤ 'ਤੇ ਡੂੰਘਾ ਪ੍ਰਭਾਵ ਪਾਉਂਦਾ ਹੈ। ਕਈ ਵਾਰ ਇਹ ਮਾਨਸ਼ਿਕ ਤਣਾਅ ਅਤੇ ਆਤਮ- ਸਨਮਾਨ ਦੇ ਮੁੱਦਿਆਂ ਨੂੰ ਵੀ ਜਨਮ ਦਿੰਦਾ ਹੈ। ਉਹਨਾਂ ਕਿਹਾ ਕਿ ਕਾਰੋਬਾਰ ਲਈ ਸੋਸ਼ਲ ਮੀਡੀਆ ਇੱਕ ਸ਼ਕਤੀਸ਼ਾਲੀ ਮੰਚ ਹੈ। ਇਸਦੇ ਜ਼ਰੀਏ ਕੰਪਨੀਆਂ ਆਪਣੇ ਗਾਹਕਾਂ ਨਾਲ ਜੁੜਦੀਆਂ ਹਨ।ਉਹਨਾਂ ਕਿਹਾ ਕਿ ਸੋਸ਼ਲ ਮੀਡੀਆ ਨਾਲ ਕੁਝ ਚੁਣੌਤੀਆਂ ਵੀ ਜੁੜੀਆਂ ਹਨ ਜਿਵੇ ਕਿ ਗੁਪਤ ਮੁੱਦੇ, ਗਲਤ ਜਾਣਕਾਰੀ ਦਾ ਫੈਲਾਅ, ਸਾਇਬਰਬੁਲੀਅੰਗ ਅਤੇ ਇਸਦੀ ਆਦਤ ਬਣ ਜਾਣਾ, ਕੁਝ ਮੁੱਖ ਚਿੰਤਾਵਾਂ ਹਨ। ਇਹ ਚੁਣੌਤੀਆਂ ਸਾਡੇ ਲਈ ਸੋਚਣ ਵਾਲੀਆਂ ਹਨ ਕਿ ਅਸੀਂ ਕਿਵੇਂ ਇਸਦੇ ਸਹੀ ਇਸਤੇਮਾਲ ਨੂੰ ਯਕੀਨੀ ਬਣਾਈਏ।



## ਸਾਡਾ ਉਦੇਸ਼ ਵਿਸ਼ੇਸ਼ ਬੱਚਿਆਂ ਨੂੰ ਸੱਚਮੁੱਚ ਵਿਸ਼ੇਸ਼ ਬਣਾਉਣਾ ਹੋਣਾ ਚਾਹੀਦਾ ਹੈ : ਪ੍ਰੇਮ ਪ੍ਰਕਾਸ਼

**ਹੁਸ਼ਿਆਰਪੁਰ - (ਤਰਸੇਮ ਦੀਵਾਨਾ)** ਕਰਨਲ ਪ੍ਰੇਮ ਪ੍ਰਕਾਸ਼ ਅਤੇ ਉਨ੍ਹਾਂ ਦੀ ਧੀ ਪ੍ਰਾਂਤੀ ਰਾਏ ਪ੍ਰਕਾਸ਼ ਨੇ ਜੇਐਸਐਸ ਆਸ਼ਾ ਕਿਰਨ ਸਪੈਸ਼ਲ ਸਕੂਲ ਜਹਾਨਖੇਲਾ ਦਾ ਦੌਰਾ ਕੀਤਾ ਅਤੇ ਵਿਸ਼ੇਸ਼ ਬੱਚਿਆਂ ਨਾਲ ਮੁਲਾਕਾਤ ਕੀਤੀ

**ਸਕੂਲ ਨੂੰ ਦਾਨ ਕੀਤੇ ਗਏ 15,000 ਰੁਪਏ**

ਅਤੇ ਉਨ੍ਹਾਂ ਨਾਲ ਸਮਾਂ ਬਿਤਾਇਆ। ਇਸ ਮੌਕੇ 'ਤੇ, ਆਸ਼ਾਦੀਪ ਵੈਲਫੇਅਰ ਸੋਸਾਇਟੀ ਦੇ ਪ੍ਰਧਾਨ ਹਰਬੰਸ ਸਿੰਘ ਦੀ ਅਗਵਾਈ ਹੇਠ ਕਮੇਟੀ ਮੈਂਬਰਾਂ ਨੇ ਕਰਨਲ ਪ੍ਰੇਮ ਪ੍ਰਕਾਸ਼ ਅਤੇ ਉਨ੍ਹਾਂ ਦੀ ਧੀ ਦਾ ਸਕੂਲ ਪਹੁੰਚਣ 'ਤੇ ਸਵਾਗਤ ਕੀਤਾ। ਕਰਨਲ ਪ੍ਰੇਮ ਪ੍ਰਕਾਸ਼ ਨੇ ਕਿਹਾ ਕਿ ਕਮੇਟੀ ਦੇ ਸਕੱਤਰ ਕਰਨਲ ਗੁਰਮੀਤ ਸਿੰਘ ਉਨ੍ਹਾਂ ਦੇ ਸਹਿਪਾਠੀ ਹਨ ਅਤੇ ਜਦੋਂ ਵੀ ਉਹ ਇੱਕ ਦੂਜੇ ਨੂੰ ਮਿਲਦੇ ਹਨ, ਉਹ ਹਮੇਸ਼ਾ ਆਸ਼ਾ ਕਿਰਨ ਸਕੂਲ ਅਤੇ ਵਿਸ਼ੇਸ਼ ਬੱਚਿਆਂ ਬਾਰੇ ਗੱਲ ਕਰਦੇ ਹਨ। ਇਸ ਸਮੇਂ, ਪ੍ਰਾਂਤੀ, ਜੋ ਕਿ ਇੱਕ ਮਾਡਲ ਹੈ, ਨੇ ਵਿਸ਼ੇਸ਼ ਬੱਚਿਆਂ ਦੀ ਭਲਾਈ ਲਈ ਸਕੂਲ ਕਮੇਟੀ ਨੂੰ 15,000 ਰੁਪਏ ਦੀ ਰਕਮ ਦਾਨ ਕੀਤੀ ਅਤੇ ਕਿਹਾ ਕਿ ਭਵਿੱਖ ਵਿੱਚ ਵੀ ਉਹ ਸਕੂਲ ਵਿੱਚ ਸ਼ਾਮਲ ਹੋ ਕੇ ਵਿਸ਼ੇਸ਼ ਬੱਚਿਆਂ ਦੇ ਜੀਵਨ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰਦੀ ਰਹੇਗੀ। ਇਸ ਦੌਰਾਨ ਸਲਾਹਕਾਰ ਪਰਮਜੀਤ ਸਿੰਘ ਸਚਦੇਵਾ ਨੇ ਕਰਨਲ ਪ੍ਰੇਮ ਪ੍ਰਕਾਸ਼ ਨੂੰ ਸਕੂਲ ਵਿੱਚ ਚਲਾਈਆਂ ਜਾ ਰਹੀਆਂ ਵੱਖ-ਵੱਖ ਗਤੀਵਿਧੀਆਂ ਅਤੇ ਚਲਾਏ ਜਾ ਰਹੇ ਪ੍ਰੋਜੈਕਟਾਂ ਬਾਰੇ ਜਾਣਕਾਰੀ ਦਿੱਤੀ। ਇਸ ਦੌਰਾਨ ਕਰਨਲ ਪ੍ਰੇਮ ਪ੍ਰਕਾਸ਼ ਨੇ ਸਕੂਲ ਕਮੇਟੀ ਨੂੰ ਭਰੋਸਾ ਦਿੱਤਾ ਕਿ ਜਦੋਂ ਵੀ ਲੋੜ ਪਵੇਗੀ ਉਹ ਹਮੇਸ਼ਾ ਵਿਸ਼ੇਸ਼ ਬੱਚਿਆਂ ਦੀ ਭਲਾਈ ਲਈ ਖੜ੍ਹੇ ਰਹਿਣਗੇ। ਉਨ੍ਹਾਂ ਕਿਹਾ ਕਿ ਸਾਡਾ ਉਦੇਸ਼ ਇਨ੍ਹਾਂ ਵਿਸ਼ੇਸ਼ ਬੱਚਿਆਂ ਨੂੰ ਸੱਚਮੁੱਚ ਵਿਸ਼ੇਸ਼ ਬਣਾਉਣਾ ਹੋਣਾ ਚਾਹੀਦਾ ਹੈ। ਇਸ ਮੌਕੇ ਮਲਕੀਤ ਸਿੰਘ ਮਹੇੜ੍ਹ, ਸੀਏ ਤਰਨਜੀਤ ਸਿੰਘ, ਹਰਮੇਸ਼ ਤਲਵਾੜ, ਬਲਰਾਮ ਸਿੰਘ, ਪ੍ਰੇਮ ਸੈਣੀ, ਮਸਤਾਨ ਸਿੰਘ ਗਰੇਵਾਲ, ਐਡਵੋਕੇਟ ਹਰੀਸ਼ ਚੰਦਰ ਐਰੀ, ਲੋਕੇਸ਼ ਖੰਨਾ, ਰਾਮ ਆਸਰਾ, ਵਿਨੋਦ ਭੂਸ਼ਣ, ਪ੍ਰਿੰਸੀਪਲ ਸ਼ੈਲੀ ਸ਼ਰਮਾ ਆਦਿ ਵੀ ਮੌਜੂਦ ਸਨ।



## ਧਰਤੀ ਉੱਪਰ ਵੱਧ ਰਹੀ ਤਪਸ਼ ਦਾ ਮੇਨ ਕਾਰਨ ਦਰੱਖਤਾਂ ਦੀ ਧੜਾਧੜ ਹੋ ਰਹੀ ਕਟਾਈ ਹੈ : ਡਾ ਐਮ ਜਮੀਲ ਬਾਲੀ

**ਹੁਸ਼ਿਆਰਪੁਰ - (ਤਰਸੇਮ ਦੀਵਾਨਾ)** ਧਰਤੀ ਉੱਪਰ ਵੱਧ ਰਹੀ ਤਪਸ਼ ਦਾ ਮੇਨ ਕਾਰਨ ਦਰੱਖਤਾਂ ਦੀ ਧੜਾਧੜ ਹੋ ਰਹੀ ਕਟਾਈ ਹੈ ਜਿਸ ਤਰ੍ਹਾਂ ਪਹਿਲਾਂ ਸੜਕਾਂ ਦੇ ਕੱਢਿਆਂ ਤੇ ਬਹੁਤ ਦਰਖਤ ਲੱਗੇ ਹੁੰਦੇ ਸਨ ਪਰ ਸਮੇਂ ਅਨੁਸਾਰ ਸੜਕਾਂ ਨੂੰ ਹਾਈਵੇ ਬਣਾਉਣ ਕਰਕੇ ਮਜ਼ਬੂਰਨ ਕਾਫੀ ਸਾਰੇ ਦਰਖਤਾਂ ਦੀ ਕਟਾਈ ਕਰਨੀ ਪਈ ਪਰ ਇਸਦੇ ਮੁਕਾਬਲੇ ਨਵੇਂ ਪੌਦੇ ਬਹੁਤ ਘੱਟ ਲੱਗ ਰਹੇ ਹਨ ਅਤੇ ਲਗਾਏ ਹੋਏ ਪੌਦਿਆਂ ਦੀ ਸਾਂਭ ਸੰਭਾਲ ਨਾ ਹੋਣ ਕਰਕੇ ਖਤਮ ਹੋਈ ਜਾਂਦੇ ਹਨ। ਇਹ ਵਿਚਾਰ ਮਾਡਲ ਟਾਊਨ ਦੇ ਵਿੱਚ ਪੈਂਦੇ ÷ਬਾਲੀ ਹਸਪਤਾਲ÷ ਦੇ ਐਮਡੀ ਅਤੇ ਬੁੱਧੀਜੀਵੀ ਸ਼ਖਸ਼ੀਅਤ ਡਾ. ਐਮ ਜਮੀਲ ਬਾਲੀ ਨੇ ਸਾਡੇ ਪੱਤਰਕਾਰ ਨਾਲ ਇੱਕ ਪ੍ਰੈਸ ਵਾਰਤਾ ਦੌਰਾਨ ਕੀਤੇ ਉਹਨਾਂ ਕਿਹਾ ਕਿ ਇਸ ਕੰਮ ਨੂੰ ਸਹੀ ਰਸਤੇ ਤੇ ਲਿਆਉਣ ਵਾਸਤੇ ਸਾਨੂੰ ਸਾਰਿਆਂ ਨੂੰ ਪੌਦੇ



ਲਗਾਉਣ ਦਾ ਅਤੇ ਉਸ ਦੀ ਸਾਂਭ ਸੰਭਾਲ ਦਾ ਉਪਰਾਲਾ ਜ਼ਰੂਰੀ ਕਰਨਾ ਚਾਹੀਦਾ ਹੈ ਜਿਵੇਂ ਕਿ ਕਿਸੇ ਦਾ ਜਨਮਦਿਨ ਮਨਾਇਆ ਜਾ ਰਿਹਾ ਹੈ, ਵਿਆਹ ਦੀ ਵਰੇਗੰਢ ਮਨਾਈ ਜਾ ਰਹੀ ਹੈ ਘੱਟ ਤੋਂ ਘੱਟ ਉਸ ਦਿਨ ਨੂੰ ਸਮ ?ਰਪਿਤ ਹੋ ਕੇ ਪੌਦੇ ਲਾਉਣ ਦੀ ਸੇਵਾ ਜ਼ਰੂਰ ਕਰਨੀ ਚਾਹੀਦੀ ਹੈ। ਉਹਨਾ ਕਿਹਾ ਕਿ ਇਸ ਵੇਲੇ ਵੱਧ ਰਹੇ ਤਾਪਮਾਨ ਨੂੰ ਘਟਾਉਣ ਲਈ ਵੱਧ ਤੋਂ ਵੱਧ ਰੁੱਖ ਲਗਾਉਣੇ ਚਾਹੀਦੇ ਹਨ ਕਿਉਂਕਿ ਵੱਧ ਰਹੀ ਗਰਮੀ ਇੱਕ ਗੰਭੀਰ ਤੇ ਚਿੰਤਾ ਵਾਲਾ ਵਿਸ਼ਾ ਹੈ ਇਸ ਲਈ ਸਾਨੂੰ ਵੱਧ ਤੋਂ ਵੱਧ ਰੁੱਖ ਲਗਾਉਣੇ ਚਾਹੀਦੇ ਹਨ ਅਤੇ ਲਗਾਏ ਗਏ ਰੁੱਖਾਂ ਦੀ ਸੰਭਾਲ ਕਰਨੀ ਵੀ ਅਤਿ ਜਰੂਰੀ ਹੈ। ਉਹਨਾਂ ਪਿੰਡਾ ਤੇ ਸਹਿਰਾ ਦੇ ਵਸਨੀਕਾ ਨੂੰ ਜੋਰ ਦੇ ਕਿਹਾ ਵੱਧ ਤੋਂ ਵੱਧ ਪੌਦੇ ਲਗਾਓ ਤਾਂ ਕਿ ਸਾਨੂੰ ਆਕਸੀਜਨ ਦੀ ਕਮੀ ਵੀ ਨਾ ਹੋ ਸਕੇ ਅਤੇ ਰੁੱਖ ਲਗਾਉਣ ਦਾ ਸਹੀ ਅਰਥਾਂ ਵਿੱਚ ਸਾਨੂੰ ਸਭਨੂੰ ਲਾਭ ਵੀ ਹੋ ਸਕੇ ਉਹਨਾਂ ਕਿਹਾ ਸਾਨੂੰ ਆਪਣੀ ਰਿਹਾਇਸ਼ ਅਤੇ ਰਿਹਾਇਸ਼ ਦੇ ਆਲੇ ਦੁਆਲੇ ਨੂੰ ਪੂਰਨ ਤੌਰ ਤੇ ਸਾਫ ਸੁਥਰਾ ਰੱਖਣਾ ਚਾਹੀਦਾ ਹੈ ਅਤੇ ਪਿੰਡਾਂ ਵਿੱਚ ਵੱਧ ਤੋਂ ਵੱਧ ਰੁੱਖ ਲਗਾਉਣੇ ਅਤੇ ਰੁੱਖਾਂ ਦੀ ਸੰਭਾਲ ਕਰਨੀ ਚਾਹੀਦੀ ਹੈ ਅਜਿਹਾ ਹੋਣ ਨਾਲ ਜਿੱਥੇ ਸਾਡਾ ਆਲਾ ਦੁਆਲਾ ਹਰਿਆ ਭਰਿਆ ਹੋਵੇਗਾ ਉੱਥੇ ਪ੍ਰਦੂਸ਼ਣ ਤੋਂ ਵੀ ਮੁਕਤੀ ਮਿਲੇਗੀ। ਉਹਨਾਂ ਕਿਹਾ ਕਿ ਰੁੱਖ ਲਗਾਉਣਾ ਸਾਡੇ ਜੀਵਨ ਅਤੇ ਵਾਤਾਵਰਣ ਲਈ ਬਹੁਤ ਫਾਇਦੇਮੰਦ ਹੈ। ਸਾਨੂੰ ਰੁੱਖ ਲਗਾ ਕੇ ਆਪਣੇ ਆਲੇ ਦੁਆਲੇ ਦੇ ਵਾਤਾਵਰਣ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰਨੀ ਚਾਹੀਦੀ ਹੈ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਇੱਕ ਸਿਹਤਮੰਦ ਅਤੇ ਟਿਕਾਊ ਸੰਸਾਰ ਸਿਰਜਣਾ ਚਾਹੀਦਾ ਹੈ।

# ਸ਼ਸਤ੍ਰ ਬਲਾਂ ਦੀ ਇਜ਼ਤ ਵਿੱਚ ਤਿਰੰਗਾ ਯਾਤਰਾ 'ਚ ਜੁਟੇ 500 ਤੋਂ ਵੱਧ ਲੋਕ

## ਧਾਰਮਿਕ ਸਧਭਾਵ, ਦੇਸ਼ਭਕਤੀ ਅਤੇ ਕੌਮੀ ਇਕਤਾ ਦੀ ਝਲਕ ਵੇਖਣ ਨੂੰ ਮਿਲੀ



**ਅੰਮ੍ਰਿਤਸਰ - ਭਾਰਤੀ** ਸ਼ਸਤ੍ਰ ਬਲਾਂ ਦੇ ਸਾਹਸ, ਬਲਿਦਾਨ ਅਤੇ ਅਤੁੱਟ ਸਮਰਪਣ ਨੂੰ ਸ਼ਰਧਾਂਜਲੀ ਦੇਣ ਲਈ ਇੱਕ ਵਿਸ਼ਾਲ ਤਿਰੰਗਾ ਯਾਤਰਾ ਦਾ ਆਯੋਜਨ ਕੀਤਾ ਗਿਆ, ਜਿਸ 'ਚ ਸਮਾਜ ਦੇ ਹਰੇਕ ਵਰਗ ਵਲੋਂ ਉਤਸ਼ਾਹ ਨਾਲ ਭਾਗ ਲਿਆ ਗਿਆ। ਇਹ ਤਿਰੰਗਾ ਯਾਤਰਾ ਭਾਰਤ ਸਰਕਾਰ ਦੇ ਸਾਬਕਾ ਮੁੱਖ ਸਚਿਵ (ਤਾਮਿਲ ਨਾਡੂ) ਅਤੇ ਕੇ.ਐਸ. ਰਾਜੂ ਲੀਗਲ ਟਰੱਸਟ ਦੇ ਚੇਅਰਮੈਨ ਡਾ. ਜਗਮੋਹਨ ਸਿੰਘ ਰਾਜੂ (ਆਈਏਐਸ. ਰਿਟਾਇਰਡ) ਦੀ ਪਹਿਲ 'ਤੇ ਅਤੇ ਸ਼ਿਰੋਮਣੀ ਸੰਤ ਖਾਲਸਾ ਇੰਟਰਨੈਸ਼ਨਲ ਫਾਊਂਡੇਸ਼ਨ ਦੇ ਸੰਸਥਾਪਕ ਸੰਤ ਬਾਬਾ ਪ੍ਰੀਤਪਾਲ ਸਿੰਘ ਜੀ ਦੇ ਆਸ਼ੀਰਵਾਦ ਨਾਲ ਆਯੋਜਿਤ ਕੀਤੀ ਗਈ।

ਤਿਰੰਗਾ ਯਾਤਰਾ ਸੁਖਨਾ ਝੀਲ ਨੇੜੇ ਗੁਰਦੁਆਰਾ ਗੁਰੂ ਸਾਗਰ ਸਾਹਿਬ ਸੁਖਨਾ ਤੋਂ ਸ਼ੁਰੂ ਹੋਈ ਜੋ ਕਿ ਸੁਖਨਾ ਝੀਲ, ਸਰੋਵਰ ਪਥ, ਚੰਡੀਗੜ੍ਹ ਸੈਕਟਰ 7 ਪੈਟਰੋਲ ਪੰਪ, ਸੈਕਟਰ 7 ਮਾਰਕੀਟ ਤੋਂ ਹੁੰਦੀ ਹੋਈ ਸੈਕਟਰ 7 ਵਿਖੇ ਸਥਿਤ ਗੁਰਦੁਆਰਾ ਸਾਹਿਬ 'ਤੇ ਖਤਮ ਹੋਈ।

ਇਸ ਯਾਤਰਾ ਵਿੱਚ ਵੱਡੀ ਗਿਣਤੀ ਵਿੱਚ ਸਿੱਖ ਭਾਈਚਾਰੇ ਦੇ ਲੋਕ ਸ਼ਾਮਿਲ ਹੋਏ, ਜਿਨ੍ਹਾਂ ਨੇ ਆਪਣੀ ਵੀਰਤਾ ਅਤੇ ਦੇਸ਼ਭਕਤੀ ਦੀ ਡੂੰਘੀ ਵਿਰਾਸਤ ਨੂੰ ਮੁੜ ਯਾਦ ਕਰਵਾਇਆ। ਕਈ ਲੋਕਾਂ ਨੇ ਭਾਰਤੀ ਰਾਸ਼ਟਰੀ ਝੰਡਾ ਅਤੇ ਪਵਿੱਤਰ ਨਿਸ਼ਾਨ ਸਾਹਿਬ ਨੂੰ ਮਾਣ ਅਤੇ ਸ਼ਰਧਾ ਨਾਲ ਫੜ ਰੱਖਿਆ ਸੀ। ਵੱਖ-ਵੱਖ ਧਰਮਾਂ ਦੇ ਪ੍ਰਮੁੱਖ ਧਾਰਮਿਕ ਆਗੂਆਂ ਨੇ ਵੀ ਇਸ ਯਾਤਰਾ ਵਿੱਚ ਭਾਗ ਲੈ ਕੇ ਸਾਂਝੀ ਸਧਭਾਵਨਾ ਅਤੇ ਸ਼ਸਤ੍ਰ ਬਲਾਂ ਪ੍ਰਤੀ ਸਾਂਝੇ ਆਭਾਰ ਦਾ ਪ੍ਰਗਟਾਵਾ ਕੀਤਾ। ਇਸ ਯਾਤਰਾ ਦੀ ਅਗਵਾਈ ਬੈਂਡ ਨੇ ਕੀਤੀ, ਜਿਸ ਦੇ ਦੇਸ਼ਭਕਤੀ ਭਰੇ ਗੀਤਾਂ ਨੇ ਮਾਹੌਲ ਨੂੰ ਭਾਵਨਾ ਅਤੇ ਗਰਵ ਨਾਲ ਭਰ ਦਿੱਤਾ। ਆਪਣੀਆਂ ਭਾਵਨਾਵਾਂ ਦਾ ਇਜਹਾਰ ਕਰਦੇ ਹੋਏ ਡਾ. ਰਾਜੂ ਨੇ ਕਿਹਾ ਕਿ ਇਹ ਤਿਰੰਗਾ ਯਾਤਰਾ ਭਾਵਨਾਵਾਂ ਦਾ ਪ੍ਰਤੀਕ ਹੈ, ਸਾਡੇ ਬਹਾਦੁਰ ਸਿਪਾਹੀਆਂ ਨੂੰ ਸ਼ਰਧਾਂਜਲੀ ਹੈ ਅਤੇ ਏਕਤਾ ਦਾ ਸੰਦੇਸ਼ ਹੈ। ਅੱਜ, ਭਾਰਤੀ ਮਾਣ ਨਾਲ ਆਪਣੀ ਰੱਖਿਆ ਆਪ ਕਰ ਸਕਦਾ ਹੈ ਅਤੇ ਮਜ਼ਬੂਤੀ ਨਾਲ ਖੜਾ ਰਹਿ ਸਕਦਾ ਹੈ। ਇਹ ਨਵਾਂ ਭਾਰਤ ਹੈ ਜੋ ਆਤਮਵਿਸ਼ਵਾਸ ਨਾਲ ਭਰਿਆ ਹੋਇਆ ਹੈ, ਆਤਮਨਿਰਭਰ ਹੈ ਅਤੇ ਅਨਿਆਂ ਦੇ ਖਿਲਾਫ ਲੜਨ ਲਈ ਤਿਆਰ ਹੈ।

## ਕਾਮਰੇਡ ਬਲਬੀਰ ਸਿੰਘ ਧੂੰਦਾ ਨਹੀ ਰਹੇ, ਸਾਥੀਆਂ ਵਲੋਂ ਅੰਤਿਮ ਵਿਦਾਇਗੀ ਦਿੱਤੀ

**ਫਤਿਆਬਾਦ - ( ਹੀਰਾ ਸਿੰਘ ਸੇਠੀ )** ਕਾਮਰੇਡ ਬਲਬੀਰ ਸਿੰਘ ਧੂੰਦਾ ਦਾ ਕੁਝ ਦਿਨ ਬੀਮਾਰ ਰਹਿਣ ਕਰਕੇ ਦਿਹਾਂਤ ਹੋਗਿਆ ਉਹ ਤਕਰੀਬਨ 70 ਸਾਲ ਦੇ ਸਨ ਉਹ ਆਪਣੇ-ਆਪ ਪਿਛੇ ਤਿੰਨ ਪੁੱਤਰ ਨਿਸ਼ਾਨ ਸਿੰਘ ਹਰਜੀਤ ਸਿੰਘ ਤੇ ਗੈਪੂ.ਤੇ ਲੜਕੀ ਮਨਪ੍ਰੀਤ ਕੌਰ ਆਦਿ ਛੱਡ ਗਏ ਹਨ। ਬਲਬੀਰ ਸਿੰਘ ਕੁੱਲ ਹਿੰਦ ਕਿਸਾਨ ਸਭਾ ਦੇ ਸਰਗਰਮ ਆਗੂ ਸਨ ਤੇ ਭਾਰਤੀ ਕਮਿਊਨਿਸਟ ਪਾਰਟੀ ਦੇ ਬਲਾਕ ਕਮੇਟੀ ਮੈਂਬਰ ਸਨ ਜੋ ਪਾਰਟੀ ਸਰਗਰਮੀਆਂ ਵਿੱਚ ਲਗਾਤਾਰ ਸਰਗਰਮ ਰਹਿੰਦੇ ਸਨ। ਉਹਨਾ ਦੀ ਮ੍ਰਿਤਕ ਦੇਹ ਤੇ ਪਾਰਟੀ ਦੇ ਜਿਲਾ ਸੱਕਤਰ ਕਾਮਰੇਡ ਦਵਿੰਦਰ ਕੁਮਾਰ ਸੋਹਲ ਜਿਲਾ ਮੀਤ ਸਕੱਤਰ ਗੁਰਦਿਆਲ ਸਿੰਘ ਖਡੂਰ ਸਾਹਿਬ ਬਲਾਕ ਕਮੇਟੀ ਦੇ ਮੀਤ ਸਕੱਤਰ ਬਲਦੇਵ ਸਿੰਘ ਧੂੰਦਾ ਦਰਸ਼ਨ ਸਿੰਘ ਬਿਹਾਰੀਪੁਰ ਦੀ ਅਗਵਾਈ ਵਿਚ ਪਾਰਟੀ ਦਾ ਲਾਲ ਝੰਡਾ ਪਾਕੇ ਅੰਤਿਮ ਵਿਦਾਇਗੀ ਦਿੱਤੀ ਗਈ।



ਪਿੰਡ ਧੂੰਦਾ ਦੇ ਕਾਮਰੇਡ ਆਗੂ ਬਲਬੀਰ ਸਿੰਘ ਧੂੰਦਾ ਨੂੰ ਲਾਲ ਝੰਡਾ ਪਾ ਕੇ ਅੰਤਿਮ ਵਿਦਾਇਗੀ ਦੇਣ ਮੌਕੇ ਕਾਮਰੇਡ ਗੁਰਦਿਆਲ ਸਿੰਘ, ਕਾਮਰੇਡ ਬਲਦੇਵ ਸਿੰਘ ਧੂੰਦਾ, ਕਾਮਰੇਡ ਦਰਸ਼ਨ ਸਿੰਘ ਬਿਹਾਰੀਪੁਰ ਅਤੇ ਹੋਰ।

# ਜਿਲਾ ਕਾਨੂੰਨੀ ਸੇਵਾ ਅਥਾਰਿਟੀ ਵੱਲੋਂ ਮਨਾਇਆ ਗਿਆ ਵਿਸ਼ਵ ਤੰਬਾਕੂ ਨਿਸ਼ੇਧ ਦਿਹਾੜਾ




**ਅੰਮ੍ਰਿਤਸਰ** - ਤੰਬਾਕੂ ਦੇ ਨਸ਼ੇ ਦੇ ਘਾਤਕ ਪਰਿਨਾਮਾਂ ਤੋਂ ਜਾਣੂ ਕਰਵਾਉਣ ਦੇ ਉਦੇਸ਼ ਕਾਰਨ ਜਿਲਾ ਕਾਨੂੰਨੀ ਸੇਵਾ ਅਥਾਰਿਟੀ ਵੱਲੋਂ ਨਸ਼ਾ ਮੁਕਤੀ ਅਭਿਆਨ ਦੇ ਅੰਤਰਗਤ 'ਵਿਸ਼ਵ ਤੰਬਾਕੂ ਨਿਸ਼ੇਧ ਦਿਹਾੜਾ' ਸ਼ਹੀਦ ਮਦਨ ਲਾਲ ਢਿੰਗਰਾ ਕੰਪਲੈਕਸ ਵਿਖੇ ਡਾ. ਸਵਰਾਜ ਗਰੋਵਰ ਦੀ ਅਗਵਾਈ ਹੇਠ ਅਤੇ ਜਿਲਾ ਕਾਨੂੰਨੀ ਸੇਵਾ ਅਥਾਰਿਟੀ ਦੇ ਸਚਿਵ ਅਮਰਦੀਪ ਸਿੰਘ ਬੈਂਸ ਦੇ ਨਿਰਦੇਸ਼ਨ ਨਾਲ ਸਫਲਤਾਪੂਰਵਕ ਮਨਾਇਆ ਗਿਆ।

ਜਿਸ ਵਿੱਚ ਭਾਰਤੀ ਯੋਗ ਸੰਸਥਾਨ ਦਾ ਖਾਸ ਸਹਿਯੋਗ ਰਿਹਾ। ਡਾ. ਸਵਰਾਜ ਗਰੋਵਰ ਨੇ ਕਿਹਾ ਕਿ ਤੰਬਾਕੂ ਦੀ ਆਦਤ ਮੌਤ ਨੂੰ ਦਾਵਤ ਦੇਣ ਦੇ ਸਮਾਨ ਹੈ। ਤੰਬਾਕੂ ਦਾ ਸੇਵਨ ਸ਼ਾਰੀਰਿਕ ਅਤੇ ਦਿਮਾਗੀ ਸਵਾਸਥ ਦੇ ਲਈ ਖਤਰਨਾਕ ਹੈ। ਬੀੜੀ, ਸਿਗਰੇਟ, ਗੁਟਕੇ ਦੇ ਸੇਵਨ ਨਾਲ ਕੋਰੋਨਰੀ ਹਾਰਟ ਬਿਮਾਰੀ ਹੁੰਦੀ ਹੈ ਜੋ ਕਿ ਮੌਤ ਦੀ ਸਿੜ੍ਹੀ ਹੈ। ਮਦਨ ਲਾਲ, ਕੁਲਵੰਤ ਰਾਣਾ, ਓਮ ਪ੍ਰਕਾਸ਼, ਰਵੀ ਜੀ, ਵਿੱਕੀ, ਚਾਵਲਾ ਜੀ, ਯਸ਼ ਪਾਲ ਠਾਕੁਰ ਨੇ ਦੱਸਿਆ ਕਿ ਯੋਗ ਤੰਬਾਕੂ ਦੇ ਨਸ਼ੇ ਨੂੰ ਖਤਮ ਕਰਕੇ ਨਵਾਂ ਜੀਵਨ ਪ੍ਰਦਾਨ ਕਰਦਾ ਹੈ। ਯੋਗ ਸਮਾਜ ਸੇਵਾ ਅਤੇ ਦੇਸ਼ ਸੇਵਾ ਦੀ ਪ੍ਰੇਰਨਾ ਦਿੰਦਾ ਹੈ। ਕੁਲਦੀਪ ਸਿੰਘ, ਪਰਮਜੀਤ ਸਿੰਘ, ਜਸਪਾਲ ਸਿੰਘ, ਸੁਨੀਤਾ ਸ਼ਰਮਾ, ਕਲਪਨਾ ਸ਼ਰਮਾ, ਰਜਨੀ, ਸੁਖਬੀਰ ਕੌਰ, ਸੰਗੀਤਾ, ਮੋਨਾ ਨੇ ਕਿਹਾ ਕਿ ਮਜਬੂਤ ਇਛਾ ਸ਼ਕਤੀ ਅਤੇ ਸੁਸੰਸਕਾਰਾ ਨਾਲ ਤੰਬਾਕੂ ਦੀ ਆਦਤ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਡਾ. ਸਵਰਾਜ ਗਰੋਵਰ ਨੇ ਸਾਰਿਆ ਨੂੰ ਨਸ਼ੇ ਤੋਂ ਸਮਾਜ ਨੂੰ ਮੁੱਕਤ ਕਰਨ ਦੇ ਲਈ ਸੰਕਲਪ ਦਿਵਾਇਆ।

# 6 ਜੂਨ ਦੇ ਸ਼ਹੀਦੀ ਸਮਾਗਮ ਸਬੰਧੀ ਸ਼ਰੋਮਣੀ ਕਮੇਟੀ ਦਾ ਵ.ਫਦ ਭਲਕੇ 2 ਜੂਨ ਨੂੰ ਬਾਬਾ ਹਰਨਾਮ ਸਿੰਘ ਨੂੰ ਮਿਲੇਗਾ

## ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ 'ਚ ਮੈਂਬਰ ਜਾਣਗੇ ਦਮਦਮੀ ਟਕਸਾਲ ਦੇ ਹੈੱਡਕੁਆਟਰ



**ਅੰਮ੍ਰਿਤਸਰ** - 1984 ਦੇ ਘੱਲੂਘਾਰੇ ਦੀ 41ਵੀਂ ਵਰ੍ਹੇਗੰਢ ਮੌਕੇ 6 ਜੂਨ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹੋਣ ਵਾਲੇ ਸ਼ਹੀਦੀ ਸਮਾਗਮ ਨੂੰ ਸ਼ਾਂਤਮਈ ਢੰਗ ਨਾਲ ਮਨਾਉਣ ਦੇ ਮਕਸਦ ਨਾਲ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਇਕ ਵਫ਼ਦ ਭਲਕੇ 2 ਜੂਨ ਨੂੰ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ ਨੂੰ ਮਿਲਣ ਜਾਵੇਗਾ। ਇਹ ਵਫ਼ਦ ਸ਼ ?ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਵਿੱਚ ਬਾਬਾ ਹਰਨਾਮ ਸਿੰਘ ਨਾਲ ਮੁਲਾਕਾਤ ਕਰੇਗਾ।

ਸ਼ ?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫ਼ਤਰ ਤੋਂ ਜਾਰੀ ਇੱਕ ਪ੍ਰੈਸ ਬਿਆਨ ਵਿੱਚ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਦਮਦਮੀ ਟਕਸਾਲ ਦੇ ਮੁਖੀ ਨਾਲ ਮੁਲਾਕਾਤ ਦਾ ਮੰਤਵ ਪੰਥਕ ਏਕਤਾ ਨੂੰ ਮਜ਼ਬੂਤ ਕਰਨਾ ਅਤੇ ਸਮਾਗਮ ਦੌਰਾਨ ਕਿਸੇ ਵੀ ਤਰ੍ਹਾਂ ਦੇ ਟਕਰਾਅ ਨੂੰ ਰੋਕਣਾ ਹੈ।

ਉਨ੍ਹਾਂ ਆਖਿਆ ਕਿ ਜੂਨ 1984 ਦਾ ਘੱਲੂਘਾਰਾ ਸਿੱਖ ਕੌਮ ਦੀ ਸੰਵੇਦਨਾ ਨਾਲ ਜੁੜਿਆ ਹੋਇਆ ਹੈ ਅਤੇ ਇਸ ਮੌਕੇ ਹਰ ਸਾਲ ਸਿੱਖ ਕੌਮ ਸ਼ਹੀਦੀ ਸਮਾਗਮ ਕਰਕੇ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹੋਏ ਫੌਜੀ ਹਮਲੇ ਦੌਰਾਨ ਸ਼ਹੀਦ ਹੋਏ ਸਿੱਖਾਂ ਦੀਆਂ ਅਣਮੁੱਲੀਆਂ ਕੁਰਬਾਨੀਆਂ ਨੂੰ ਯਾਦ ਕਰਦੀ ਹੈ। ਉਨ੍ਹਾਂ ਕਿਹਾ ਕਿ ਇਸ ਘੱਲੂਘਾਰੇ ਸਮੇਂ ਪੰਜਵੇਂ ਪਾਤਸ਼ਾਹ ਜੀ ਦਾ ਸ਼ਹੀਦੀ ਗੁਰਪੁਰਬ ਮਨਾ ਰਹੀਆਂ ਸੈਂਕੜੇ ਬੇਦੋਸ਼ੀਆਂ ਸੰਗਤਾਂ ਅਤੇ ਦਮਦਮੀ ਟਕਸਾਲ ਦੇ ਤਤਕਾਲੀ ਮੁਖੀ ਸੰਤ ਗਿਆਨੀ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਸਮੇਤ ਸਿੰਘਾਂ ਦੀਆਂ ਕੁਰਬਾਨੀਆਂ ਨੂੰ ਕੌਮ ਕਦੇ ਵੀ ਭੁੱਲ ਨਹੀਂ ਸਕਦੀ।

ਐਡਵੋਕੇਟ ਧਾਮੀ ਨੇ ਕਿਹਾ ਕਿ ਇਸ ਦਿਨ ਨੂੰ ਸੁਹਿਰਦ ਪਹੁੰਚ ਨਾਲ ਮਨਾਉਣਾ ਸਭ ਦੀ ਸਾਂਝੀ ਜ਼ਿੰਮੇਵਾਰੀ ਹੈ। ਸ਼ਹੀਦੀ ਸਮਾਗਮ ਨੂੰ ਸ਼ਾਂਤਮਈ ਤਰੀਕੇ ਨਾਲ ਮਨਾਉਣ ਲਈ ਸਭ ਨੂੰ ਇੱਕ ਕਦਮ ਅੱਗੇ ਵਧਾਉਣਾ ਪਵੇਗਾ ਅਤੇ ਕੌਮੀ ਹਿਤਾਂ ਨੂੰ ਪਹਿਲ ਦੇਣੀ ਹੋਵੇਗੀ। ਐਡਵੋਕੇਟ ਧਾਮੀ ਨੇ ਕਿਹਾ ਕਿ ਸਿੱਖ ਸੰਸਥਾ ਸ਼ ?ਰੋਮਣੀ ਕਮੇਟੀ ਦੇ ਮੁੱਖ ਸੇਵਾਦਾਰ ਹੁੰਦਿਆਂ ਮੌਜੂਦਾ ਬਣੇ ਹਾਲਾਤਾਂ ਤੋਂ ਉਹ ਚਿੰਤਤ ਤਾਂ ਜਰੂਰ ਹਨ, ਪਰ ਇਸ ਦਾ ਸਾਰਥਿਕ ਰਾਹ ਲੱਭ ਜਾਣ ਲਈ ਪੂਰਨ ਤੌਰ ਉਤੇ ਆਸਵੰਦ ਵੀ ਹਨ। ਸ਼ ?ਰੋਮਣੀ ਕਮੇਟੀ ਪ੍ਰਧਾਨ ਨੇ ਪੂਰੀ ਕੌਮ ਨੂੰ ਅਪੀਲ ਕੀਤੀ ਕਿ ਜੇਕਰ ਸਾਡੀਆਂ ਕੌਮੀ ਤਰਜੀਹਾਂ ਸੂਝ ਸਿਆਣਪ ਨਾਲ ਕੌਮ ਦੀ ਚੜ੍ਹਦੀ ਕਲਾ ਵੱਧ ਸੇਧਤ ਹੋਣ ਤਾਂ ਦੁਨੀਆਂ ਅੰਦਰ ਸਿੱਖੀ ਦੀ ਬੁਲੰਦੀ ਨੂੰ ਕੋਈ ਰੋਕ ਨਹੀਂ ਸਕਦਾ।

## ਟਰੱਸਟ ਸਦਾ ਵਰਤ ਪੰਚਾਇਤੀ ਵੱਲੋਂ 101 ਗਰੀਬ ਲੋੜਵੰਦ ਪਰਿਵਾਰਾਂ ਨੂੰ ਵੰਡਿਆ ਰਾਸ਼ਨ



**ਫਿਰੋਜ਼ਪੁਰ - (ਮਨੋਹਰ ਲਾਲ)** :— ਪਿਛਲੇ 111 ਸਾਲਾਂ ਤੋਂ ਲੋਕ ਭਲਾਈ ਦੇ ਕੰਮ ਕਰਦੀ ਆ ਰਹੀ ਟਰੱਸਟ ਸਦਾ ਵਰਤ ਪੰਚਾਇਤੀ ਰਜਿ ਵੱਲੋਂ ਹਰ ਮਹੀਨੇ ਦੀ ਤਰ੍ਹਾਂ ਇਸ ਵਾਰ ਵੀ 101 ਗਰੀਬ ਲੋੜਵੰਦ ਅਤੇ ਵਿਧਵਾਵਾਂ ਨੂੰ ਰਾਸ਼ਨ ਵੰਡਿਆ ਗਿਆ। ਇਸ ਮੌਕੇ ਤੇ ਸਭ ਤੋਂ ਪਹਿਲਾਂ ਪ੍ਰਮਾਤਮਾ ਦੇ ਚਰਨਾਂ ਵਿਚ ਅਰਦਾਸ ਬੇਨਤੀ ਕੀਤੀ ਕਿ ਹੇ ਪ੍ਰਮਾਤਮਾ ਇਸ ਟਰੱਸਟ ਜਿਨ੍ਹਾਂ ਨੇ ਬਣਾਇਆ ਹੈ ਉਨ੍ਹਾਂ ਦੀ ਯਾਦ ਤਾਜਾ ਕੀਤੀ। ਇਸ ਮੌਕੇ ਤੇ ਸ੍ਰੀ ਰਜਨੀਸ਼ ਕਪੂਰ ਸਾਬਕਾ ਮੈਨੇਜਰ ਪੰਜਾਬ ਨੈਸ਼ਨਲ ਬੈਂਕ ਨੇ ਬੋਲਦਿਆਂ ਕਿਹਾ ਕਿ ਇਹ ਟਰੱਸਟ ਸਦਾਵਰਤ ਪੰਚਾਇਤੀ ਜ਼ੋ 1914 ਵਿਚ ਉਦੋਂ ਬਣਿਆ ਜਦੋਂ ਇਥੇ ਕਾਲ ਪੈ ਗਿਆ ਸੀ ਅਤੇ ਲੋਕ ਭੁੱਖੇ ਮਰਨ ਲੱਗੇ ਤਾਂ ਕੁਝ ਦਾਨੀ ਸੱਜਣ ਇਕੱਠੇ ਹੋ ਕੇ ਅਤੇ ਆਪਣੀਆਂ ਜਾਇਦਾਦਾਂ ਇਸ ਟਰੱਸਟ ਦੇ ਨਾਮ ਪਰ ਲਾਈਆਂ ਜ਼ੋ ਕਿ 111 ਸਾਲਾਂ ਤੋਂ ਇਹ ਟਰੱਸਟ ਸਮਾਜ ਭਲਾਈ ਦੇ ਕੰਮ ਕਰਦਾ ਆ ਰਿਹਾ ਹੈ। ਇਸ ਮੌਕੇ ਤੇ ਸ੍ਰੀ ਅਸ਼ਵਨੀ ਮੌਂਗਾ ਨੇ ਕਿਹਾ ਕਿ ਸਾਨੂੰ ਸਮਾਜ ਭਲਾਈ ਦੇ ਕੰਮਾਂ ਵਿਚ ਵੱਧ ਚੜ ਕੇ ਅੱਗੇ ਆਉਣਾ ਚਾਹੀਦਾ ਹੈ ਅਤੇ ਸਾਨੂੰ ਗਰੀਬ ਲੋੜਵੰਦ ਪਰਿਵਾਰਾਂ ਦੀ ਦਿਲ ਖੋਲ ਕੇ ਮੱਦਦ ਕਰਨੀ ਚਾਹੀਦੀ ਹੈ। ਇਸ ਮੌਕੇ ਤੇ ਸ੍ਰੀ ਓਮ ਪ੍ਰਕਾਸ਼ ਕੈਸ਼ੀਅਰ ਨੇ ਕਿਹਾ ਕਿ ਮਨੁੱਖਤਾ ਦੀ ਸੇਵਾ ਹੀ ਇਕ ਸੱਚੀ ਸੁੱਚੀ ਸੇਵਾ ਹੈ, ਸਾਨੂੰ ਆਪਣੀ ਕੀਰਤ ਕਮਾਈ ਤੋਂ ਦਸਵੰਧ ਕੱਢ ਕੇ ਇਨ੍ਹਾਂ ਲੋੜਵੰਦ ਪਰਿਵਾਰਾਂ ਦੀ ਮੱਦਦ ਕਰਨੀ ਚਾਹੀਦੀ ਹੈ। ਇਸ ਮੌਕੇ ਤੇ ਸ੍ਰੀ ਡੀ.ਕੇ ਬਜਾਜ ਨੇ ਕਿਹਾ ਕਿ ਅੱਜ ਚੰਗੇ ਚੰਗੇ ਘਰਾਂ ਦੀਆਂ ਔਰਤਾਂ ਵਿਧਵਾ ਹੋ ਜਾਂਦੀਆਂ ਹਨ ਅਤੇ ਉਹ ਕਿਸੇ ਨੂੰ ਦਸਦੀਆਂ ਵੀ ਨਹੀਂ ਅਤੇ ਤੰਗੀ ਤੁਰਸ਼ੀ ਵਿਚ ਆਪਣੇ ਬੱਚੇ ਪਾਲ ਰਹੀਆਂ ਹਨ, ਸਾਨੂੰ ਇਹੋ ਜਿਹੇ ਪਰਿਵਾਰਾਂ ਦੀ ਮੱਦਦ ਕਰਨੀ ਚਾਹੀਦੀ ਹੈ। ਇਸ ਮੌਕੇ ਤੇ ਅਸ਼ਵਨੀ ਮੌਂਗਾ, ਔਮ ਪ੍ਰਕਾਸ਼, ਡੀ.ਕੇ ਬਜਾਜ, ਰਜਨੀਸ਼ ਕਪੂਰ, ਮਦਨ ਲਾਲ ਚਾਵਲਾ ਹਾਜ਼ਰ ਸਨ।

## ਮਿਹਨਤ ਕਸ ਦਰਜੀ ਦਾ ਕੰਮ ਕਰਨ ਵਾਲੇ ਦੇ ਸਪੁੱਤਰ ਨੇ ਲੈਫਟੀਨੈਂਟ ਦੇ ਅਹੁਦੇ ਤੇ ਪੂਹੰਚ ਵੱਡਾ ਮੁਕਾਮ ਕੀਤਾ ਹਾਸਿਲ



**ਨਾਭਾ/ਪਟਿਆਲਾ - (ਅਮਨ ਸਿੱਧੂ ਮੱਲੇਵਾਲ)** - ਹਲਕਾ ਨਾਭਾ ਦੇ ਪਿੰਡ ਵਜੀਦਪੁਰ ਤੋਂ 24 ਸਾਲਾਂ ਨੌਜਵਾਨ ਦੀ ਭਾਰਤੀ ਫੌਜ ਵਿੱਚ ਲੈਫਟੀਨੈਂਟ ਵਜੋਂ ਚੋਣ ਹੋਣ ਉਪਰੰਤ ਅੱਜ ਆਪਣੇ ਘਰ ਪੁਹੰਚਣ ਤੇ ਪਿੰਡ ਵਾਸੀਆਂ ਅਤੇ ਪਰਿਵਾਰ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ ਇਸ ਮੌਕੇ ਇੰਦਰਜੀਤ ਸਿੰਘ ਦੇ ਪਿਤਾ ਗੁਰਜੰਟ ਸਿੰਘ ਅਤੇ ਮਾਤਾ ਨਿਰਮਲ ਕੌਰ ਨੇ ਵਾਹਿਗੁਰੂ ਦਾ ਸ਼ੁਕਰਾਨਾ ਕੀਤਾ ਉਨ੍ਹਾਂ ਦੱਸਿਆ ਕਿ ਉਨ੍ਹਾਂ ਦੇ ਬੇਟੇ ਦੀ ਇਸ ਨਿਯੁਕਤੀ ਲਈ ਉਹ ਬਹੁਤ ਖੁਸ਼ ਹਨ ◆ ਇਸ ਮੌਕੇ ਮਾਲਵਾ ਬਾਣੀ ਰੋਜ਼ਾਨਾ ਪ੍ਰਕਾਸ਼ਿਤ ਹੋਣ ਵਾਲੇ ਅਖਬਾਰ ਦੇ ਜਿਲਾ ਇੰਚਾਰਜ ਪੱਤਰਕਾਰ ਅਮਨ ਸਿੱਧੂ ਮੱਲੇਵਾਲ ਨਾਲ ਗੱਲਬਾਤ ਕਰਦਿਆਂ ਇੰਦਰਜੀਤ ਸਿੰਘ ਦੇ ਭਰਾ ਜਸਵੀਰ ਸਿੰਘ ਛਿੰਦਾਂ ਅਤੇ ਇੰਜ ਹਰਜਿੰਦਰ ਸਿੰਘ ਨੇ ਦੱਸਿਆ ਕਿ ਇੰਦਰਜੀਤ ਸਿੰਘ ਨੇ ਦਸਵੀਂ ਤੱਕ ਦੀ ਪੜ੍ਹਾਈ ਸਰਕਾਰੀ ਹਾਈ ਸਕੂਲ ਰਾਜਗੜ੍ਹ ਤੋਂ ਪ੍ਰਾਪਤ ਕੀਤੀ। ਉਸ ਤੋਂ ਬਾਅਦ 12 ਵੀ ਦੀ ਪੜ੍ਹਾਈ ਮੈਰੀਟੋਰੀਅਸ ਸਕੂਲ ਪਟਿਆਲਾ ਤੋਂ ਪ੍ਰਾਪਤ ਕੀਤੀ। ਇਸ ਤੋਂ ਬਾਅਦ ਉਹ 2019 ਵਿੱਚ ਭਾਰਤੀ ਫੌਜ ਬਤੌਰ ਕਲੈਰੀਕਲ ਵਜੋਂ ਨਿਯੁਕਤ ਹੋਏ ◆ ਉਸ ਤੋਂ ਬਾਅਦ ਜੁਲਾਈ 2024 ਵਿੱਚ 133 ਦੀ ਪ੍ਰੀਖਿਆ ਦਿੱਤੀ ਅਤੇ ਅਪ੍ਰੈਲ 2025 ਵਿੱਚ SSB ਦੀ ਇੰਟਰਵਿਊ ਦਿੱਤੀ ਉਸ ਤੋਂ ਬਾਅਦ ਉਹ ਭਾਰਤੀ ਫੌਜ ਵਿੱਚ ਬਤੌਰ ਲੈਫਟੀਨੈਂਟ ਨਿਯੁਕਤ ਹੋਇਆ ◆ ਇਸ ਮੌਕੇ ਇੰਦਰਜੀਤ ਸਿੰਘ ਨੇ ਦੱਸਿਆ ਕਿ ਹੁਣ ਉਸ ਦੀ ਤਿੰਨ ਸਾਲ ਦੀ ਟ ?ਰੇਨਿੰਗ ਆਈ ਐਮ ਏ ਦੇਹਰਾਦੂਨ ਵਿਖੇ ਹੋਵੇਗੀ ਉਸ ਨੇ ਮਾਣ ਸਨਮਾਨ ਦੇਣ ਲਈ ਪਿੰਡ ਵਾਸੀਆਂ ਅਤੇ ਪਰਿਵਾਰਿਕ ਮੈਂਬਰਾਂ ਦਾ ਧੰਨਵਾਦ ਕੀਤਾ ◆ ਇਸ ਮੌਕੇ ਇੰਦਰਜੀਤ ਸਿੰਘ ਦੇ ਦਾਦਾ ਲਾਲ ਸਿੰਘ, ਦਾਦੀ ਅਮਰ ਕੌਰ, ਤਾਇਆ ਜੈਰਾਮ ਸਿੰਘ, ਨਿਰਮਲ ਸਿੰਘ, ਜਰਨੈਲ ਸਿੰਘ, ਨਾਨੀ ਨਛੱਤਰ ਕੌਰ, ਮੇਜਰ ਸਿੰਘ ਬੀ ਪੀ ਈ ਉ ਬਲਾਕ ਬਾਬਰਪੁਰ, ਕ੍ਰਿਸ਼ਨ ਰਾਣੀ ਡਾਇਰੈਕਟਰ ਅਲਮਾ ਕਿਡਜ਼ ਸਕੂਲ ਨਾਭਾ, ਜਸਪਾਲ ਸਿੰਘ ਵਜੀਦਪੁਰ, ਕੁਲਦੀਪ ਸਿੰਘ ਮਾਮਾ, ਮਨਪ੍ਰੀਤ ਸਿੰਘ, ਲਖਵੀਰ ਸਿੰਘ, ਸੁਖਜੀਵਨ ਸਿੰਘ, ਸੁਖਪਾਲ ਸਿੰਘ, ਮਨਿੰਦਰਜੀਤ ਸਿੰਘ, ਗੁਰਜਿੰਦਰ ਸਿੰਘ, ਹਰਮਿੰਦਰ ਸਿੰਘ ਅਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਮੌਜੂਦ ਸਨ।

# ਕ੍ਰਿਸ਼ੀ ਵਿਗਿਆਨ ਕੇਂਦਰ ਨੇ ਭੁਨਰਹੇੜੀ ਬਲਾਕ 'ਚ ਕਿਸਾਨ ਭਲਾਈ ਕੈਂਪ ਲਗਾਏ

## ਮਾਹਰਾਂ ਨੇ ਕਿਸਾਨਾਂ ਨੂੰ ਝੋਨੀ ਦੀਆਂ ਕਿਸਮਾਂ ਸਮੇਤ ਸਹਾਇਕ ਧੰਦਿਆਂ ਸਬੰਧੀ ਦਿੱਤੀ ਜਾਣਕਾਰੀ



**ਪਟਿਆਲਾ/ਭੁਨਰਹੇੜੀ (ਅਮਨ ਸਿੱਧੂ ਮੱਲੇਵਾਲ)** : ਕ੍ਰਿਸ਼ੀ ਵਿਗਿਆਨ ਕੇਂਦਰ ਦੀ ਟੀਮ ਵੱਲੋਂ ਪਟਿਆਲਾ ਦੇ ਬਲਾਕ ਭੁਨਰਹੇੜੀ ਦੇ ਪਿੰਡ ਸਵਾਈ ਸਿੰਘ ਵਾਲਾ, ਮੀਰਾਂਪੁਰ, ਮਾਜਰਾ ਕਲਾਂ, ਅਕਬਰਪੁਰ ਅਫ਼ਗਾਨਾਂ, ਬਹਾਦਰਪੁਰ ਮੀਰਾਂਵਾਲਾ, ਦੁਧਨਸਾਧਾਂ ਅਤੇ ਦੁਧਨ ਗੁਜਰਾਂ ਵਿਖੇ ਕਿਸਾਨ ਭਲਾਈ ਕੈਂਪ ਲਗਾ ਕੇ ਕਿਸਾਨਾਂ ਨਾਲ ਵਿਗਿਆਨਿਕ ਜਾਣਕਾਰੀ ਸਾਂਝੀ ਕੀਤੀ ਗਈ।

ਕ੍ਰਿਸ਼ੀ ਵਿਗਿਆਨ ਕੇਂਦਰ ਦੇ ਡਿਪਟੀ ਡਾਇਰੈਕਟਰ ਡਾ. ਹਰਦੀਪ ਸਿੰਘ ਸਭਿਖੀ ਨੇ ਦੱਸਿਆ ਕਿ ਭਾਰਤ ਸਰਕਾਰ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰਾਲਾ ਦੇ ਦਿਸ਼ਾ ਨਿਰਦੇਸ਼ਾਂ ਅਤੇ ਭਾਰਤੀ ਖੇਤੀ ਖੋਜ ਪ੍ਰੀਸ਼ਦ ਦੀ ਤਕਨੀਕੀ ਸਹਾਇਤਾ ਨਾਲ ਵਿਕਸਿਤ ਕ੍ਰਿਸ਼ੀ ਸੰਕਲਪ ਅਭਿਆਨ ਤਹਿਤ ਕਿਸਾਨ ਜਾਗਰੂਕਤਾ ਕੈਂਪ ਲਗਾਏ ਜਾ ਰਹੇ ਹਨ।

ਡਾ. ਹਰਦੀਪ ਸਿੰਘ ਸਭਿਖੀ ਨੇ ਦੱਸਿਆ ਕਿ ਕੈਂਪ ਦੌਰਾਨ ਕਿਸਾਨਾਂ ਨੂੰ ਝੋਨੇ ਦੀਆਂ ਵੱਖ ਵੱਖ ਕਿਸਮਾਂ, ਇਨ੍ਹਾਂ ਦੀ ਲੁਆਈ ਦੇ ਢੁਕਵੇਂ ਸਮੇਂ, ਖਾਦ ਪ੍ਰਬੰਧਨ, ਬਾਗ਼ਬਾਨੀ ਅਤੇ ਭੋਜਨ ਪ੍ਰੋਸੈਸਿੰਗ ਬਾਰੇ ਜਾਣਕਾਰੀ ਦਿੱਤੀ ਗਈ ਹੈ। ਇਸ ਮੌਕੇ ਗ੍ਰਹਿ ਵਿਗਿਆਨ ਦੇ ਪ੍ਰੋਫੈਸਰ ਡਾ. ਗੁਰਉਪਦੇਸ਼ ਕੌਰ ਨੇ ਕਿਸਾਨਾਂ ਨੂੰ ਕ੍ਰਿਸ਼ੀ ਵਿਗਿਆਨ ਕੇਂਦਰ ਵੱਲੋਂ ਕਰਵਾਏ ਜਾਣੇ ਕਿੱਤਾ ਮੁਖੀ ਸਿਖਲਾਈ ਕੋਰਸ ਅਤੇ ਮੋਟੇ ਅਨਾਜਾਂ ਦੀ ਰੋਜ਼ਾਨਾ ਖ਼ੁਰਾਕ ਵਿੱਚ ਵਰਤੋਂ ਬਾਰੇ ਜਾਣਕਾਰੀ ਦਿੱਤੀ।

ਫ਼ਸਲ ਵਿਗਿਆਨ ਦੇ ਸਹਾਇਕ ਪ੍ਰੋਫੈਸਰ ਡਾ. ਗੁਰਪ੍ਰੀਤ ਸਿੰਘ ਨੇ ਕਿਸਾਨਾਂ ਨੂੰ ਮਿੱਟੀ ਅਤੇ ਪਾਣੀ ਦੀ ਪਰਖ ਦੇ ਮਹੱਤਵ ਅਤੇ ਖਾਦਾਂ ਤੇ ਪਾਣੀ ਦੀ ਸੁਚੱਜੀ ਵਰਤੋਂ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਜੇਕਰ ਕਿਸਾਨ ਆਪਣੇ ਖੇਤ ਦੀ ਮਿੱਟੀ ਦੀ ਪਰਖ ਕਰਵਾ ਲੈਂਦੇ ਹਨ ਤਾਂ ਲੋੜ ਅਨੁਸਾਰ ਖਾਦਾਂ ਦੀ ਵਰਤੋਂ ਕਰਕੇ ਆਪਣੇ ਖਰਚੇ ਘਟਾ ਸਕਦੇ ਹਨ। ਉਨ੍ਹਾਂ ਕਿਸਾਨਾਂ ਨੂੰ ਮਿੱਟੀ ਦੀ ਸਿਹਤ ਵਿੱਚ ਸੁਧਾਰ ਕਰਨ ਲਈ ਹਰੀਆਂ ਖਾਦਾਂ ਦੀ ਕਾਸ਼ਤ ਅਤੇ ਜੀਵਾਣੂ ਖਾਦਾਂ ਦੀ ਵਰਤੋਂ ਸਬੰਧੀ ਵਿਸਥਾਰ ਵਿੱਚ ਜਾਣਕਾਰੀ ਸਾਂਝੀ ਕੀਤੀ। ਇਸ ਮੌਕੇ ਖੇਤੀ ਵਿਕਾਸ ਅਫ਼ਸਰ ਡਾ. ਵਿਮਲਪ੍ਰੀਤ ਸਿੰਘ, ਇਫਕੋ ਤੋਂ ਨਵਜੋਤਪਾਲ ਸਿੰਘ ਵੀ ਹਾਜ਼ਰ ਸਨ। ਕੈਂਪ ਦੇ ਅੰਤ ਵਿੱਚ ਇਲਾਕੇ ਦੇ ਉੱਦਮੀ ਤੇ ਅਗਾਂਹਵਧੂ ਕਿਸਾਨ ਸੁਖਦੇਵ ਸਿੰਘ ਅਤੇ ਇਕਬਾਲ ਸਿੰਘ ਨੇ ਕ੍ਰਿਸ਼ੀ ਵਿਗਿਆਨ ਕੇਂਦਰ ਦੀਆਂ ਟੀਮਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਅਜਿਹੇ ਜਾਗਰੂਕਤਾ ਕੈਂਪ ਕਿਸਾਨਾਂ ਨੂੰ ਨਵੀਨਤ ਤਕੀਨਕਾਂ ਸਬੰਧੀ ਜਾਣਕਾਰੀ ਦੇਣ ਲਈ ਬਹੁਤ ਉਪਯੋਗੀ ਹਨ ਤੇ ਕਿਸਾਨ ਮਾਹਰਾਂ ਦੀ ਰਾਏ ਅਨੁਸਾਰ ਖੇਤੀ ਕਰਕੇ ਖੇਤੀਬਾੜੀ ਨੂੰ ਲਾਹੇਵੰਦ ਕਿੱਤਾ ਬਣਾ ਸਕਦੇ ਹਨ।

# ਲੁਧਿਆਣਾ ਜ਼ਿਮਨੀ ਚੋਣ: ਕਮਲਜੀਤ ਕੜਵਾਲ ਦੀ ਕਾਂਗਰਸ ਵਿੱਚ ਵਾਪਸੀ, ਚੰਨੀ ਨੇ ਦਵਾਈ ਮੈਂਬਰਸ਼ਿਪ



**ਲੁਧਿਆਣਾ** - 19 ਜੂਨ ਨੂੰ ਪੰਜਾਬ ਦੇ ਲੁਧਿਆਣਾ ਵਿੱਚ ਉਪ ਚੋਣਾਂ ਹੋ ਰਹੀਆਂ ਹਨ। ਇਸ ਤੋਂ ਪਹਿਲਾਂ ਇੱਕ ਪਾਰਟੀ ਤੋਂ ਦੂਜੀ ਪਾਰਟੀ ਵਿੱਚ ਸ਼ਾਮਲ ਹੋਣ ਵਾਲਿਆਂ ਦੀ ਗਿਣਤੀ ਲਗਾਤਾਰ ਵੱਧ ਰਹੀ ਹੈ। ਅੱਜ ਸਾਬਕਾ ਵਿਧਾਇਕ ਸਿਮਰਜੀਤ ਸਿੰਘ ਬੈਂਸ ਦੇ ਧੜੇ ਨੂੰ ਝਟਕਾ ਲੱਗਾ ਹੈ।

ਕਮਲਜੀਤ ਸਿੰਘ ਕੜਵਾਲ, ਜਿਨ੍ਹਾਂ ਦਾ ਸਿਆਸਤ ਵਿੱਚ ਬੈਂਸ ਭਰਾਵਾਂ ਨਾਲ ਛੱਤੀਸ ਅੰਕੜਾ ਹੈ, ਅੱਜ ਕਾਂਗਰਸ ਵਿੱਚ ਵਾਪਸ ਆ ਗਏ ਹਨ। ਕਮਲਜੀਤ ਕੜਵਾਲ ਨੂੰ ਸਾਬਕਾ ਮੁੱਖ ਮੰਤਰੀ ਅਤੇ ਜਲੰਧਰ ਦੇ ਸੰਸਦ ਮੈਂਬਰ ਚਰਨਜੀਤ ਸਿੰਘ ਚੰਨੀ ਨੇ ਕਾਂਗਰਸ ਵਿੱਚ ਸ਼ਾਮਲ ਕਰਵਾਇਆ। ਕਮਲਜੀਤ ਕੜਵਾਲ ਅਤੇ ਬੈਂਸ ਕਦੇ ਸ਼੍ਰੋਮਣੀ ਅਕਾਲੀ ਦਲ ਵਿੱਚ ਚੰਗੇ ਦੋਸਤ ਸਨ। ਪਰ ਆਪਸੀ ਝਗੜਿਆਂ ਕਾਰਨ ਦੋਵਾਂ ਦੇ ਰਿਸ਼ਤੇ ਬਹੁਤ ਖਟਾਸ ਭਰ ਗਏ ਸਨ।

ਤੁਹਾਨੂੰ ਦੱਸ ਦੇਈਏ ਕਿ ਕਮਲਜੀਤ ਸਿੰਘ ਕੜਵਾਲ 1 ਸਾਲ ਪਹਿਲਾਂ ਭਾਜਪਾ ਵਿੱਚ ਸ਼ਾਮਲ ਹੋਏ ਸਨ। ਉਹ ਲਗਭਗ 6 ਮਹੀਨੇ ਪਹਿਲਾਂ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ ਸਨ ਅਤੇ ਹੁਣ ਕਾਂਗਰਸ ਵਿੱਚ ਵਾਪਸ ਆ ਗਏ ਹਨ।

**ਬੈਂਸ ਵੀ ਕਾਂਗਰਸ ਵਿੱਚ ਹੋਏ ਸੀ ਸ਼ਾਮਿਲ**

ਜ਼ਿਕਰਯੋਗ ਹੈ ਕਿ ਬੈਂਸ ਭਰਾਵਾਂ ਨੇ ਲੋਕ ਸਭਾ ਚੋਣਾਂ ਤੋਂ ਪਹਿਲਾਂ ਕਾਂਗਰਸ ਦਾ ਪੱਲਾ ਫੜ੍ਹ ਲਿਆ ਸੀ। ਪਰ ਹੁਣ ਦੇਖਣਾ ਹੋਵੇਗਾ ਕਿ ਕੜਵਾਲ ਦੀ ਕਾਂਗਰਸ ਵਿੱਚ ਵਾਪਸੀ ਹੋਣ ਤੋਂ ਬਾਅਦ ਬੈਂਸ ਭਰਾਵਾਂ ਦਾ ਕੀ ਰਿਐਕਸ਼ਨ ਆਉਂਦਾ ਹੈ।

# ਸ੍ਰੀ ਅਕਾਲ ਤਖ਼ਤ ਸਾਹਿਬ ’ਤੇ ਹੋਏ ਹਮਲੇ ਦੀ 41ਵੀਂ ਬਰਸੀ: ਸਿੱਖ ਕੌਮ ਅੱਜ ਵੀ ਇਨਸਾਫ਼ ਲਈ ਸੰਘਰਸ਼ਸ਼ੀਲ - ਬ੍ਰਹਮਪੁਰਾ

## ਸਿੱਖ ਕੌਮ ਨਾਲ ਹੋਏ ਅਨਿਆਂ ਨੂੰ ਕੌਮਾਂਤਰੀ ਮਨੁੱਖੀ ਅਧਿਕਾਰ ਸੰਸਥਾਵਾਂ ਤੱਕ ਪਹੁੰਚਾਵਾਂਗੇ - ਬ੍ਰਹਮਪੁਰਾ, ਕਾਂਗਰਸ ਅਤੇ ਇੰਦਰਾ ਗਾਂਧੀ ਸਿੱਖ ਕੌਮ ਦੇ ਦੋਸ਼ੀ

**ਤਰਨ ਤਾਰਨ** - ਸ਼੍ਰੋਮਣੀ ਅਕਾਲੀ ਦਲ ਦੇ ਮੀਤ ਪ੍ਰਧਾਨ ਅਤੇ ਹਲਕਾ ਖਡੂਰ ਸਾਹਿਬ ਦੇ ਇੰਚਾਰਜ ਸਾਬਕਾ ਵਿਧਾਇਕ ਰਵਿੰਦਰ ਸਿੰਘ ਬ੍ਰਹਮਪੁਰਾ ਨੇ ਜੂਨ 1984 ਵਿੱਚ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ’ਤੇ ਹੋਏ ਫੌਜੀ ਹਮਲੇ, ਜਿਸਨੂੰ ÷ਸਾਕਾ ਨੀਲਾ ਤਾਰਾ÷ ਵਜੋਂ ਜਾਣਿਆ ਜਾਂਦਾ ਹੈ, ਦੀ 41ਵੀਂ ਬਰਸੀ ’ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਇਸ ਹਮਲੇ ਨੂੰ ਸਿੱਖ ਕੌਮ ਦੇ ਹਿਰਦਿਆਂ ’ਤੇ ਨਾ ਮਿਟਣ ਵਾਲਾ ਜ਼ਖ਼ਮ ਕਰਾਰ ਦਿੱਤਾ ਹੈ।



ਸ੍ਰ. ਬ੍ਰਹਮਪੁਰਾ ਨੇ ਕਿਹਾ, ‘ਅੱਜ ਤੋਂ 41 ਸਾਲ ਪਹਿਲਾਂ, 1 ਜੂਨ 1984 ਨੂੰ ਭਾਰਤੀ ਫੌਜ ਵੱਲੋਂ ਸਿੱਖਾਂ ਦੇ ਮੁਕੱਦਸ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ’ਤੇ ਕੀਤਾ ਗਿਆ ਹਮਲਾ, ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਅਤੇ ਕਾਂਗਰਸ ਪਾਰਟੀ ਦੀ ਸਿੱਖ ਵਿਰੋਧੀ ਸੋਚ ਦਾ ਸਿਖਰ ਸੀ। ਇਹ ਹਮਲਾ ਸਿਰਫ਼ ਇਮਾਰਤਾਂ ’ਤੇ ਨਹੀਂ, ਸਗੋਂ ਸਿੱਖਾਂ ਦੀ ਆਨ, ਸ਼ਾਨ, ਇਤਿਹਾਸ ਅਤੇ ਸਾਡੇ ਗੁਰੂਆਂ ਵੱਲੋਂ ਬਖਸ਼ੀ ਜੀਵਨ-ਜਾਚ ’ਤੇ ਸਿੱਧਾ ਹਮਲਾ ਸੀ। ਇਸ ਘੱਲੂਘਾਰੇ ਵਿੱਚ ਹਜ਼ਾਰਾਂ ਨਿਰਦੋਸ਼ ਸਿੱਖ ਸ਼ਰਧਾਲੂ ਸ਼ਹੀਦ ਹੋਏ ਅਤੇ ਸਿੱਖ ਰੈਫਰੈਂਸ ਲਾਇਬ੍ਰੇਰੀ ਦਾ ਅਨਮੋਲ ਖਜ਼ਾਨਾ ਤਬਾਹ ਕਰ ਦਿੱਤਾ ਗਿਆ।

ਉਨ੍ਹਾਂ ਜ਼ੋਰ ਦਿੰਦਿਆਂ ਕਿਹਾ, ‘ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲੇ ਸਾਡੇ ਲਈ ਇੱਕ ਮਹਾਨ ਸ਼ਹੀਦ ਅਤੇ ਸੰਤ ਸਿਪਾਹੀ ਸਨ, ਜਿਨ੍ਹਾਂ ਨੇ ਸਿੱਖੀ ਸਿਧਾਂਤਾਂ ਦੀ ਰਾਖੀ ਅਤੇ ਕੌਮ ਦੇ ਹੱਕਾਂ ਲਈ ਆਪਣੀ ਜਾਨ ਕੁਰਬਾਨ ਕਰ ਦਿੱਤੀ। ਕਾਂਗਰਸ ਸਰਕਾਰ ਨੇ ਉਨ੍ਹਾਂ ਨੂੰ ਖਤਮ ਕਰਨ ਦੇ ਨਾਂ ’ਤੇ ਸਮੁੱਚੀ ਸਿੱਖ ਕੌਮ ਨੂੰ ਨਿਸ਼ਾਨਾ ਬਣਾਇਆ। ਸ੍ਰ. ਬ੍ਰਹਮਪੁਰਾ ਨੇ ਕਾਂਗਰਸ ਪਾਰਟੀ ਦੀ ਸਖ਼ਤ ਨਿਖੇਧੀ ਕਰਦਿਆਂ ਕਿਹਾ, ‘ਕਾਂਗਰਸ ਪਾਰਟੀ ਇਸ ਘਿਨਾਉਣੇ ਅਪਰਾਧ ਲਈ ਮੁੱਖ ਤੌਰ ’ਤੇ ਜ਼ਿੰਮੇਵਾਰ ਹੈ। ਅਸੀਂ ਮੰਗ ਕਰਦੇ ਹਾਂ ਕਿ ਕਾਂਗਰਸ ਪਾਰਟੀ ਦੀ ਕੇਂਦਰੀ ਲੀਡਰਸ਼ਿਪ ਦੇ ਨਾਲ-ਨਾਲ ਪੰਜਾਬ ਕਾਂਗਰਸ ਦੇ ਉਹਨਾਂ ਆਗੂਆਂ ਦੀ ਵੀ ਜਵਾਬਦੇਹੀ ਤੈਅ ਕੀਤੀ ਜਾਵੇ, ਜੋ ਉਸ ਸਮੇਂ ਇਸ ਜ਼ੁਲਮ ਵਿੱਚ ਭਾਈਵਾਲ ਸਨ ਜਾਂ ਚੁੱਪ ਵੱਟ ਕੇ ਇਸ ਨੂੰ ਸਹਿਮਤੀ ਦਿੰਦੇ ਰਹੇ। ਉਨ੍ਹਾਂ ਅੱਗੇ ਕਿਹਾ, ÷ਮੈਂ, ਰਵਿੰਦਰ ਸਿੰਘ ਬ੍ਰਹਮਪੁਰਾ, ਖਡੂਰ ਸਾਹਿਬ ਦੀ ਪਵਿੱਤਰ ਧਰਤੀ ਤੋਂ, ਇਹ ਅਹਿਦ ਲੈਂਦਾ ਹਾਂ ਕਿ ਸ਼੍ਰੋਮਣੀ ਅਕਾਲੀ ਦਲ ਸਿੱਖ ਕੌਮ ਨਾਲ ਹੋਏ ਇਸ ਅਨਿਆਂ ਵਿਰੁੱਧ ਆਪਣੀ ਆਵਾਜ਼ ਬੁਲੰਦ ਕਰਦਾ ਰਹੇਗਾ। ਅਸੀਂ ਇਸ ਮਾਮਲੇ ਨੂੰ ਕੌਮੀ ਅਤੇ ਕੌਮਾਂਤਰੀ ਮਨੁੱਖੀ ਅਧਿਕਾਰ ਸੰਸਥਾਵਾਂ ਜਿਵੇਂ ਕਿ ਐਮਨੈਸਟੀ ਇੰਟਰਨੈਸ਼ਨਲ, ਹਿਊਮਨ ਰਾਈਟਸ ਵਾਚ ਅਤੇ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਕਮਿਸ਼ਨ ਦੇ ਧਿਆਨ ਵਿੱਚ ਲਿਆਉਣ ਲਈ ਵਚਨਬੱਧ ਹਾਂ ਤਾਂ ਜੋ ਦੁਨੀਆ ਨੂੰ ਪਤਾ ਲੱਗੇ ਕਿ ਕਿਵੇਂ ਇੱਕ ਚੁਣੀ ਹੋਈ ਸਰਕਾਰ ਨੇ ਆਪਣੇ ਹੀ ਨਾਗਰਿਕਾਂ ’ਤੇ ਅੱਤਿਆਚਾਰ ਕੀਤਾ। ਸ੍ਰ. ਬ੍ਰਹਮਪੁਰਾ ਨੇ ਸਿੱਖ ਕੌਮ ਨੂੰ ਅਪੀਲ ਕੀਤੀ ਕਿ ਉਹ ਏਕਤਾ ਬਣਾ ਕੇ ਰੱਖਣ ਅਤੇ ਇਨਸਾਫ਼ ਦੀ ਇਸ ਲੜਾਈ ਨੂੰ ਸ਼ਾਂਤਮਈ ਅਤੇ ਲੋਕਤੰਤਰੀ ਢੰਗ ਨਾਲ ਜਾਰੀ ਰੱਖਣ। ਉਨ੍ਹਾਂ ਕਿਹਾ, ‘ਸਾਡਾ ਸੰਘਰਸ਼ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਅਤੇ ਸਿੱਖ ਕੌਮ ਦੇ ਜ਼ਖ਼ਮਾਂ ’ਤੇ ਮੱਲ੍ਹਮ ਲਾਉਣ ਤੱਕ ਜਾਰੀ ਰਹੇਗਾ।

# ਸ਼ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਵਸ ਅਤੇ ਅੰਮ੍ਰਿਤਸਰ ਸਾਹਿਬ ਦੇ 450ਵੇਂ ਸਥਾਪਨਾ ਦਿਵਸ ਨੂੰ ਪੂਰੀ ਸ਼ਾਨੋ-ਸ਼ੌਕਤ ਨਾਲ ਮਨਾਏਗਾ ਪੰਜਾਬ: ਸਪੀਕਰ ਕੁਲਤਾਰ ਸਿੰਘ ਸੰਧਵਾਂ

**ਚੰਡੀਗੜ੍ਹ** - ਪੰਜਾਬ ਵਿਧਾਨ ਸਭਾ ਦੇ ਮਾਨਯੋਗ ਸਪੀਕਰ, ਸ. ਕੁਲਤਾਰ ਸਿੰਘ ਸੰਧਵਾਂ, ਨੇ ਅੱਜ ਬੜੇ ਫ਼ਖ਼ਰ ਨਾਲ ਐਲਾਨ ਕੀਤਾ ਕਿ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੀ ਦੂਰਅੰਦੇਸ਼ ਅਗਵਾਈ ਹੇਠ ਪੰਜਾਬ ਸਰਕਾਰ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਵਸ ਅਤੇ ਸ੍ਰੀ ਅੰਮ੍ਰਿਤਸਰ ਸਾਹਿਬ ਦੇ 450ਵੇਂ ਸਥਾਪਨਾ ਦਿਵਸ ਨੂੰ ਪੂਰੀ ਸ਼ਾਨੋ-ਸ਼ੌਕਤ ਅਤੇ ਆਧੁਨਿਕ ਢੰਗ ਨਾਲ ਵਿਸ਼ਵ ਪੱਧਰ ਤੇ ਮਨਾਉਣ ਦਾ ਇਤਿਹਾਸਕ ਫੈਸਲਾ ਲਿਆ ਹੈ।



ਇੱਕ ਵਿਸ਼ੇਸ਼ ਮੀਡੀਆ ਗੱਲਬਾਤ ਵਿੱਚ ਬੋਲਦਿਆਂ, ਸਪੀਕਰ ਨੇ ਜ਼ੋਰ ਦੇ ਕੇ ਕਿਹਾ ਕਿ ਗੁਰੂ ਸਾਹਿਬ ਦੀ ਸ਼ਹਾਦਤ ਅਤੇ ਅਧਿਆਤਮਿਕ ਵਿਰਾਸਤ ਨਾ ਸਿਰਫ ਪੰਜਾਬ ਲਈ ਵਿਸ਼ਵਾਸ ਤੇ ਸ਼ਰਧਾ ਦਾ ਵਿਸ਼ਾ ਹੈ, ਬਲਕਿ ਕੁੱਲ ਦੁਨੀਆ ਲਈ ਕੁਰਬਾਨੀ, ਹਿੰਮਤ ਅਤੇ ਮਨੁੱਖਤਾ ਦਾ ਸੰਦੇਸ਼ ਹੈ। ਉਹਨਾਂ ਕਿਹਾ, ‘ਜੇਕਰ ਅਸੀਂ ਆਪਣੇ ਗੁਰੂਆਂ ਦੀ ਮਹਾਨਤਾ ਬਾਰੇ ਗੱਲ ਕਰਨਾ ਸ਼ੁਰੂ ਕਰ ਦੇਈਏ, ਤਾਂ ਮਹੀਨੇ ਵੀ ਘੱਟ ਪੈ ਜਾਣਗੇ। ਇਹ ਸਾਡੀ ਵਿਰਾਸਤ ਹੈ - ਸ਼ਾਨਾ ਮੱਤੀ ਅਤੇ ਬੇਮਿਸਾਲ - ਅਤੇ ਇਹ ਸਾਡੀ ਜ਼ਿੰਮੇਵਾਰੀ ਹੈ ਕਿ ਅਸੀਂ ਇਸਨੂੰ ਅਗਲੀਆਂ ਪੀੜ੍ਹੀਆਂ ਤੱਕ ਲੈ ਕੇ ਜਾਈਏ,’ ।

**ਆਲਮੀ ਪੱਧਰ ਤੇ ਯਾਦਗਾਰੀ ਮਨਾਓ**

ਪੰਜਾਬ ਸਰਕਾਰ ਨੇ ਇਨ੍ਹਾਂ ਇਤਿਹਾਸਕ ਮੌਕਿਆਂ ਨੂੰ ਆਧੁਨਿਕ ਸਾਧਨਾਂ, ਤਕਨਾਲੋਜੀ ਅਤੇ ਗਲੋਬਲ ਪਲੇਟਫਾਰਮਾਂ ਦੀ ਵਰਤੋਂ ਕਰਕੇ ਮਨਾਉਣ ਦਾ ਅਹਿਦ ਲਿਆ ਹੈ ਤਾਂ ਜੋ ਗੁਰੂਆਂ ਦੀ ਵਿਰਾਸਤ ਪੰਜਾਬ ਅਤੇ ਭਾਰਤ ਤੋਂ ਵੀ ਅਗਾਂਹ, ਦੁਨੀਆ ਦੇ ਹਰ ਕੋਨੇ ਤੱਕ ਪਹੁੰਚ ਸਕੇ।

ਸੰਗਤ, ਧਾਰਮਿਕ ਸੰਸਥਾਵਾਂ ਅਤੇ ਨਾਗਰਿਕਾਂ ਤੋਂ ਸੁਝਾਅ ਮੰਗਣ ਲਈ ਇੱਕ ਵਟਸਐਪ ਨੰਬਰ, ਈਮੇਲ ਆਈਡੀ ਅਤੇ ਅਧਿਕਾਰਤ ਵੈੱਬਸਾਈਟ ਪਹਿਲਾਂ ਹੀ ਸਥਾਪਤ ਕੀਤੀ ਜਾ ਚੁੱਕੀ ਹੈ ਅਤੇ ਅਖ਼ਬਾਰਾਂ ਵਿੱਚ ਪ੍ਰਕਾਸ਼ਿਤ ਕੀਤੀ ਜਾ ਚੁੱਕੀ ਹੈ। ਇਹ ਜਸ਼ਨ ਸਿਰਫ਼ ਪ੍ਰਸ਼ਾਸਨ ਦੀ ਨਹੀਂ, ਸਗੋਂ ਲੋਕਾਂ ਦੀ ਇੱਛਾ ਤੇ ਸ਼ਮੂਲੀਅਤ ਨਾਲ ਬੜੀ ਸੁਹਿਰਦਤਾ ਨਾਲ ਮਨਾਏ ਜਾ ਣਗੇ।

ਸਪੀਕਰ ਨੇ ਮੀਡੀਆ ਅਤੇ ਸਾਰੇ ਭਾਈਚਾਰਿਆਂ ਨੂੰ ਅੱਗੇ ਆਉਣ ਅਤੇ ਇਨ੍ਹਾਂ ਸਮਾਗਮਾਂ ਨੂੰ ਵਿਸ਼ਵ ਪੱਧਰ ’ਤੇ ਪ੍ਰਭਾਵਸ਼ਾਲੀ ਬਣਾਉਣ ਵਿੱਚ ਯੋਗਦਾਨ ਪਾਉਣ ਦੀ ਅਪੀਲ ਕੀਤੀ।

**ਜਨਤਕ ਪਹੁੰਚ: ਸਪੀਕਰ ਫਰੰਟ ਤੋਂ ਅਗਵਾਈ ਕਰਨਗੇ**

ਸ. ਸੰਧਵਾਂ ਨੇ ਐਲਾਨ ਕੀਤਾ ਕਿ ਅੱਜ ਤੋਂ, ਉਹ ਸੁਝਾਅ ਇਕੱਠੇ ਕਰਨ ਲਈ ਵੱਖ-ਵੱਖ ਧਾਰਮਿਕ ਸੰਪਰਦਾਵਾਂ, ਸੰਗਠਨਾਂ ਅਤੇ ਸਿਵਲ ਅਧਿਕਾਰੀਆਂ ਨੂੰ ਨਿੱਜੀ ਤੌਰ ’ਤੇ ਮਿਲਣਗੇ। ਉਹਨਾਂ ਕਿਹਾ, ÷ਤੁਸੀਂ ਮੈਨੂੰ ਸ਼ਖਸੀਅਤਾਂ ਅਤੇ ਸੰਸਥਾਵਾਂ ਨਾਲ ਰੋਜ਼ਾਨਾ ਮੀਟਿੰਗਾਂ ਕਰਦੇ ਹੋਏ ਦੇਖੋਗੇ। ਇਹ ਸਿਰਫ਼ ਇੱਕ ਸਰਕਾਰੀ ਸਮਾਗਮ ਨਹੀਂ ਹੈ - ਇਹ ਇੱਕ ਭਾਈਚਾਰਕ ਲਹਿਰ ਹੈ,÷।

ਸਰਕਾਰ ਨੇ ਪਹਿਲਾਂ ਹੀ ਪੰਜਾਬ ਵਿਧਾਨ ਸਭਾ ਦਾ ਇੱਕ ਵਿਸ਼ੇਸ਼ ਸੈਸ਼ਨ ਬੁਲਾਉਣ ਦਾ ਫੈਸਲਾ ਕੀਤਾ ਹੈ, ਜਿੱਥੇ ਗੁਰੂ ਤੇਗ ਬਹਾਦਰ ਜੀ ਦੀਆਂ ਸਿੱਖਿਆਵਾਂ, ਕੁਰਬਾਨੀਆਂ ਅਤੇ ਸਿਧਾਂਤਾਂ ਦੇ ਨਾਲ-ਨਾਲ ਵਿਰਾਸਤੀ ਸੰਭਾਲ ਦੀ ਮਹੱਤਤਾ ’ਤੇ ਡੂੰਘਾਈ ਨਾਲ ਚਰਚਾ ਕੀਤੀ ਜਾਵੇਗੀ।

**ਵਿਸ਼ਵਵਿਆਪੀ ਪ੍ਰੋਗਰਾਮਾਂ ਲਈ ਸਮਾਵੇਸ਼ੀ ਸੁਝਾਅ, ਏ.ਆਈ. ਅਤੇ ਤਕਨਾਲੋਜੀ**

ਪ੍ਰੋਗਰਾਮ ਨੂੰ ਵਿਸ਼ਾਲ ਬਨਾਉਣ ਲਈ ਵਿਸ਼ਵਵਿਆਪੀ ਪ੍ਰਭਾਵ ਲਈ ਆਰਟੀਫਿਸ਼ਲ ਇੰਟੈਲੀਜੇਂਸ ਅਤੇ ਡਿਜੀਟਲ ਮੀਡੀਆ ਨੂੰ ਏਕੀਕ੍ਰਿਤ ਕੀਤਾ ਜਾਵੇਗਾ। ਸਰਕਾਰ ਨੇ ਸ਼ ?ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ, ਧਾਰਮਿਕ ਸੰਸਥਾਵਾਂ, ਸਿਵਲ ਸੁਸਾਇਟੀ ਸਮੂਹਾਂ ਅਤੇ ਨਾਗਰਿਕਾਂ ਨੂੰ ਸੁਝਾਅ ਦੇਣ ਲਈ ਖੁੱਲ੍ਹਾ ਸੱਦਾ ਦਿਤਾ ਹੈ।

**ਏਕਤਾ, ਜ਼ਿੰਮੇਵਾਰੀ ਅਤੇ ਆਲਮੀ ਸੰਦੇਸ਼**

ਉਹਨਾਂ ਕਿਹਾ, ‘ਇਹ ਸਿਰਫ਼ ਇੱਕ ਯਾਦਗਾਰੀ ਸਮਾਰੋਹ ਨਹੀਂ ਹੈ; ਇਹ ਏਕਤਾ, ਸਾਂਝੀ ਜ਼ਿੰਮੇਵਾਰੀ ਅਤੇ ਗੁਰੂ ਸਾਹਿਬ ਦੇ ਸੰਦੇਸ਼ ਨੂੰ ਅੱਗੇ ਵਧਾਉਣ ਦਾ ਸੱਦਾ ਹੈ। ਸਰਕਾਰ ਪਹਿਲਾਂ ਸੁਝਾਅ ਇਕੱਠੇ ਕਰੇਗੀ - ਅਤੇ ਜੇ ਲੋੜ ਪਈ ਤਾਂ ਸਰਗਰਮ ਸਹਿਯੋਗ ਦੀ ਵੀ ਮੰਗ ਕਰੇਗੀ।

ਸ. ਸੰਧਵਾਂ ਨੇ ਕਿਹਾ, - ‘ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦੇ 350 ਸਾਲ ਅਤੇ ਅੰਮ੍ਰਿਤਸਰ ਸਾਹਿਬ ਦੇ 450ਵੇਂ ਸਾਲ - ਸਾਰੀ ਮਨੁੱਖਤਾ ਨਾਲ ਸਬੰਧਤ ਹਨ। ਸਾਨੂੰ ਇਨ੍ਹਾਂ ਨੂੰ ਇਕੱਠੇ, ਅਰਥਪੂਰਨ ਅਤੇ ਪ੍ਰਭਾਵੀ ਢੰਗ ਨਾਲ ਮਨਾਉਣਾ ਚਾਹੀਦਾ ਹੈ,’ ।

# ਪੰਜਾਬ ਵਿੱਚ ਨਸ਼ੇ ਦਾ ਜ਼ਹਿਰ ਅਕਾਲੀ-ਭਾਜਪਾ ਸਰਕਾਰ ਨੇ ਬੀਜਿਆ - ਨੀਲ ਗਰਗ

## ਭਾਜਪਾ ਨਸ਼ਾ ਤਸਕਰਾਂ ਦੀ ਸਰਪ੍ਰਸਤ ਹੈ, ਇਹ ਨਹੀਂ ਚਾਹੁੰਦੀ ਕਿ ਪੰਜਾਬ ਨਸ਼ਾ ਮੁਕਤ ਹੋਵੇ

**ਚੰਡੀਗੜ੍ਹ** - ਆਮ ਆਦਮੀ ਪਾਰਟੀ (ਆਪ) ਦੇ ਸੀਨੀਅਰ ਬੁਲਾਰੇ ਨੀਲ ਗਰਗ ਨੇ ਭਾਜਪਾ ਵੱਲੋਂ ’ਯੁੱਧ ਨਸ਼ਿਆਂ ਵਿਰੁੱਧ’ ਮੁਹਿੰਮ ’ਤੇ ਸਵਾਲ ਚੁੱਕਣ ਲਈ ਸਖ਼ਤ ਨਿੰਦਾ ਕੀਤੀ ਹੈ। ਉਨ੍ਹਾਂ ਭਾਜਪਾ ’ਤੇ ਤੰਜ ਕੱਸਦੇ ਹੋਏ ਕਿਹਾ ਕਿ ਉਹ ਇੱਕ ਅਜਿਹੀ ਪਾਰਟੀ ਬਣ ਗਈ ਹੈ ਜੋ ਸਿਰਫ਼ ਪ੍ਰੈੱਸ ਕਾਨਫ਼ਰੰਸਾਂ ਤੱਕ ਹੀ ਸੀਮਤ ਰਹੀ ਗਈ ਹੈ। ਉਨ੍ਹਾਂ ਨੂੰ ਜ਼ਮੀਨੀ ਹਕੀਕਤ ਬਾਰੇ ਕੁਝ ਪਤਾ ਹੀ ਨਹੀਂ ਹੈ।



ਗਰਗ ਨੇ ਕਿਹਾ ਕਿ ਆਪ ਸਰਕਾਰ ਨੇ ਇਨ੍ਹਾਂ 90 ਦਿਨਾਂ ਵਿੱਚ,14,401 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹ ਭੇਜਿਆ ਹੈ। ਐਨਡੀਪੀਐਸ ਐਕਟ ਤਹਿਤ 8472 ਐਫਆਈਆਰ ਦਰਜ ਕੀਤੀਆਂ ਗਈਆਂ ਹਨ। ਨਸ਼ਾ ਤਸਕਰਾਂ ਵੱਲੋਂ ਬਣਾਈਆਂ ਗਈਆਂ ਸੈਂਕੜੇ ਗੈਰ-ਕਾਨੂੰਨੀ ਇਮਾਰਤਾਂ ਨੂੰ ਢਾਹ ਦਿੱਤਾ ਗਿਆ ਹੈ। ਨੀਲ ਗਰਗ ਨੇ ਕਿਹਾ ਕਿ ਭਾਜਪਾ ਨੂੰ ਸ਼ਾਇਦ ਇਹ ਨਹੀਂ ਪਤਾ ਕਿ ਪਿੰਡਾਂ, ਕਸਬਿਆਂ ਅਤੇ ਸ਼ਹਿਰਾਂ ਦੇ ਲੋਕ, ਭਾਵੇਂ ਉਹ ਬਜ਼ੁਰਗ ਹੋਣ, ਔਰਤਾਂ ਹੋਣ ਜਾਂ ਨੌਜਵਾਨ, ਨਸ਼ੇ ਨੂੰ ਖਤਮ ਕਰਨ ਲਈ ਅੱਗੇ ਆ ਰਹੇ ਹਨ ਅਤੇ ਸੰਕਲਪ ਲੈ ਰਹੇ ਹਨ ਕਿ ਨਾ ਤਾਂ ਕਿਸੇ ਨੂੰ ਨਸ਼ਾ ਕਰਨ ਦੇਣਗੇ ਅਤੇ ਨਾ ਹੀ ਨਸ਼ਾ ਵਿਕਣ ਦੇਣਗੇ। ਭਾਜਪਾ ’ਤੇ ਸਵਾਲ ਉਠਾਉਂਦੇ ਹੋਏ ਗਰਗ ਨੇ ਕਿਹਾ ਕਿ ਪੰਜਾਬ ਵਿੱਚ 2007 ਤੋਂ 2017 ਤੱਕ ਅਕਾਲੀ-ਭਾਜਪਾ ਦੀ ਸਰਕਾਰ ਸੀ। 2007 ਤੋਂ ਪਹਿਲਾਂ, ਕਿਸੇ ਨੇ ਚਿੱਟਾ ਦਾ ਨਾਮ ਵੀ ਨਹੀਂ ਸੁਣਿਆ ਸੀ। ਇਸ ਦੇ ਬੀਜ ਭਾਜਪਾ ਸਰਕਾਰ ਨੇ ਬੀਜੇ ਸਨ। ਤੁਸੀਂ ਉਦੋਂ ਕਿੱਥੇ ਸੀ ਅਤੇ ਤੁਸੀਂ ਆਪਣੀ ਆਵਾਜ਼ ਕਿਉਂ ਨਹੀਂ ਉਠਾਈ? ਉਨ੍ਹਾਂ ਕਿਹਾ ਕਿ ਅੱਜ ਭਾਜਪਾ ਦੀ ਲਗਭਗ 20 ਰਾਜਾਂ ਵਿੱਚ ਸਰਕਾਰ ਹੈ। ਗੁਜਰਾਤ, ਮਹਾਰਾਸ਼ਟਰ ਅਤੇ ਉੱਤਰ ਪ੍ਰਦੇਸ਼ ਵਰਗੇ ਕਈ ਵੱਡੇ ਰਾਜਾਂ ਵਿੱਚ ਨਸ਼ੇ ਦੀ ਵੱਡੀ ਖੇਪ ਜ਼ਬਤ ਕੀਤੀ ਗਈ। ਭਾਜਪਾ ਵਾਲਿਆਂ ਨੂੰ ਦੱਸਣਾ ਚਾਹੀਦਾ ਹੈ ਕਿ ਤੁਸੀਂ ਕਿਸ ਦੇ ਖ਼ ?ਲਾਫ਼ ਐਫਆਈਆਰ ਦਰਜ ਕਰਵਾਈ ਅਤੇ ਕਿਹੜੇ ਵੱਡੇ ਮਗਰਮੱਛ ਫੜੇ?

ਉਨ੍ਹਾਂ ਭਾਜਪਾ ਨੂੰ ਸਵਾਲ ਕੀਤਾ ਕਿ ਭਾਜਪਾ ਸ਼ਾਸਿਤ ਕਿਹੜੇ ਸੂਬੇ ਨੇ ਪੰਜਾਬ ਵਾਂਗ ਨਸ਼ਿਆਂ ਵਿਰੁੱਧ

ਮੁਹਿੰਮ ਚਲਾਈ ਗਈ ਹੈ? ਉਨ੍ਹਾਂ ਕਿਹਾ ਕਿ ਕਾਂਗਰਸ ਸਰਕਾਰ ਦੌਰਾਨ ਮੁੱਖਮੰਤਰੀ ਰਹਿੰਦਿਆਂ ਕੈਪਟਨ ਅਮਰਿੰਦਰ ਸਿੰਘ, ਜੋ ਹੁਣ ਭਾਜਪਾ ਵਿੱਚ ਹਨ, ਦੇ ਤਤਕਾਲੀ ਗ੍ਰਹਿ ਮੰਤਰੀ ਨੇ ਦੋਸ਼ ਲਗਾਇਆ ਸੀ ਕਿ ਕੈਪਟਨ ਅਮਰਿੰਦਰ ਸਿੰਘ ਨੇ ਕਦੇ ਵੀ ਨਸ਼ਾ ਤਸਕਰਾਂ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ। ਇਸ ਦਾ ਮਤਲਬ ਹੈ ਕਿ ਭਾਜਪਾ ਵਿੱਚ ਅਜਿਹੇ ਆਗੂ ਹਨ ਜੋ ਨਸ਼ਾ ਤਸਕਰਾਂ ਦਾ ਸਮਰਥਨ ਕਰਦੇ ਹਨ। ਤੁਹਾਨੂੰ ਇਸ ਦਾ ਜਵਾਬ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਪ ਸਰਕਾਰ ਪੰਜਾਬ ਵਿੱਚੋਂ ਨਸ਼ੇ ਨੂੰ ਜੜ੍ਹੋਂ ਪੁੱਟਣ ਲਈ ਦਿਨ ਰਾਤ ਕੰਮ ਕਰ ਰਹੀ ਹੈ। ਪੰਜਾਬ ਦੇ ਲੋਕ ਵੀ ਨਸ਼ਿਆਂ ਵਿਰੁੱਧ ਸਰਕਾਰ ਦੀ ਇਸ ਮੁਹਿੰਮ ਦਾ ਸਮਰਥਨ ਕਰ ਰਹੇ ਹਨ। ਭਾਜਪਾ ਨਹੀਂ ਚਾਹੁੰਦੀ ਕਿ ਪੰਜਾਬ ’ਚੋਂ ਨਸ਼ਾ ਖਤਮ ਹੋਵੇ, ਇਸ ਲਈ ਉਹ ਪੰਜਾਬ ਸਰਕਾਰ ਨੂੰ ਬਦਨਾਮ ਕਰਨ ਲਈ ਸਸਤੇ ਹੱਥਕੰਡਿਆਂ ਦਾ ਸਹਾਰਾ ਲੈ ਰਹੀ ਹੈ।

# ਵਿਧਾਇਕ ਨਰਿੰਦਰ ਪਾਲ ਸਿੰਘ ਸਵਨਾ ਪਹੁੰਚੇ ਵਾਰਡ ਨੰਬਰ 21, ਸੁਣੀਆਂ ਮੁਸ਼ਕਿਲਾਂ

**ਫਾਜ਼ਿਲਕਾ** - ਫਾਜ਼ਿਲਕਾ ਦੇ ਵਿਧਾਇਕ ਸ੍ਰੀ ਨਰਿੰਦਰ ਪਾਲ ਸਿੰਘ ਸਵਨਾ ਹਲਕੇ ਦੇ ਲੋਕਾਂ ਦੀਆਂ ਮੁਸ਼ਕਲਾਂ ਦੇ ਹੱਲ ਕਰਨ ਲਈ ਦੇਰ ਸ਼ਾਮ ਸਮੇਂ ਘਰ ਘਰ ਜਾ ਕੇ ਲੋਕਾਂ ਨੂੰ ਮਿਲ ਰਹੇ ਹਨ। ਇਸੇ ਤਹਿਤ ਹੀ ਬੀਤੀ ਦੇਰ ਸ਼ਾਮ ਉਹ ਹਲਕੇ ਦੇ ਵਾਰਡ ਨੰਬਰ 21 ਵਿਖੇ ਵਿਭਾਗਾਂ ਦੇ ਅਧਿਕਾਰੀਆਂ ਨੂੰ ਨਾਲ ਲੈ ਕੇ ਪਹੁੰਚੇ। ਇਸ ਮੌਕੇ ਵਿਧਾਇਕ ਨਰਿੰਦਰ ਪਾਲ ਸਿੰਘ ਸਵਨਾ ਨੇ ਦੱਸਿਆ ਕਿ ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਲੋਕਾਂ ਨੂੰ ਉਹਨਾਂ ਦੀਆਂ ਬਰੂਹਾਂ ਤੇ ਪ੍ਰਸ਼ਾਸਨ ਮੁਹਈਆ ਕਰਵਾਉਣ ਲਈ ਕੰਮ ਕਰ ਰਹੀ ਹੈ ।ਇਸ ਮੌਕੇ ਲੋਕਾਂ ਵੱਲੋ ਪਾਣੀ, ਬਿਜਲੀ, ਸੀਵਰੇਜ ਆਦਿ ਦੀ ਆ ਰਹੀਂ ਸਮਸਿਆਵਾਂ ਬਾਰੇ ਵਿਧਾਇਕ ਨੂੰ ਜਾਣੂ ਕਰਵਾਇਆ ਗਿਆ। ਵਿਧਾਇਕ ਵੱਲੋਂ ਸਬੰਧਤ ਵਿਭਾਗ ਦੇ ਅਧਿਕਾਰੀਆਂ ਨੂੰ ਆਦੇਸ਼ ਦਿਤੇ ਗਏ ਕਿ ਲੋਕਾਂ ਨੂੰ ਆ ਰਹੀਂ ਸਮਸਿਆਵਾਂ ਦਾ ਜਲਦਾ ਤੋਂ ਜਲਦ ਹੱਲ ਕੀਤਾ ਜਾਵੇ। ਇਸ ਮੌਕੇ ਵਿਧਾਇਕ ਸਾਹਿਬ ਦੇ ਨਾਲ ਈਓ ਫਾਜਿਲਕਾ ਗੁਰਦਾਸ ਸਿੰਘ, ਮਿਊਸੀਪਲ ਕਮੇਟੀ ਦੇ ਅਧਿਕਾਰੀ, ਸੁਨੀਲ ਮੈਣੀ, ਪ੍ਰਭਾਰੀ,ਰਜੇਸ਼ ਖਰਾਣਾ, ਬੱਬੂ ਚੇਤੀਵਾਲ ਬਲਾਕ ਪ੍ਰਧਾਨ, ਬੋਬੀ ਸੇਤੀਆ, ਵਿਜੇ ਨਾਗਪਾਲ, ਸੁਮਿਤ ਸੇਠੀ ਆਦਿ ਹਾਜਰ ਸਨ।

# ਹਰਪਾਲ ਸਿੰਘ ਚੀਮਾ ਨੇ ਦਿੜ੍ਹਬਾ ਵਿਖੇ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਕਮਿਊਨਿਟੀ ਹਾਲ ਦਾ ਰੱਖਿਆ ਨੀਂਹ ਪੱਥਰ

## ਕੈਬਨਿਟ ਮੰਤਰੀ ਨੇ ਪਿੰਡ ਜਨਾਲ ਵਿਖੇ 2.2 ਕਰੋੜ ਰੁਪਏ ਦੀ ਲਾਗਤ ਵਾਲੇ ਨਹਿਰੀ ਪਾਣੀ ਪਾਈਪਲਾਈਨ ਪ੍ਰਾਜੈਕਟ ਦਾ ਵੀ ਰੱਖਿਆ ਨੀਂਹ ਪੱਥਰ



**ਚੰਡੀਗੜ੍ਹ/ਦਿੜ੍ਹਬਾ**- ਹਲਕਾ ਦਿੜ੍ਹਬਾ ਵਿੱਚ ਅੱਜ ਉਦੋਂ ਵਿਕਾਸ ਦੀ ਲਹਿਰ ਦੇਖਣ ਨੂੰ ਮਿਲੀ ਜਦੋਂ ਪੰਜਾਬ ਦੇ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਦਿੜ੍ਹਬਾ ਵਿਖੇ ਲਗਭਗ 2 ਕਰੋੜ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਕਮਿਊਨਿਟੀ ਹਾਲ ਦਾ ਨੀਂਹ ਪੱਥਰ ਰੱਖਿਆ। ਇਸੇ ਤਰ੍ਹਾਂ ਉਨ੍ਹਾਂ ਹਲਕੇ ਦੇ ਪਿੰਡ ਜਨਾਲ ਵਿੱਚ ਵੀ ਲਗਭਗ 2.20 ਕਰੋੜ ਰੁਪਏ ਦੀ ਲਾਗਤ ਵਾਲੇ 17 ਕਿਲੋਮੀਟਰ ਲੰਬੇ ਨਹਿਰੀ ਪਾਣੀ ਪਾਈਪਲਾਈਨ ਪ੍ਰਾਜੈਕਟ ਦਾ ਨੀਂਹ ਪੱਥਰ ਰੱਖਿਆ। ਕਮਿਊਨਿਟੀ ਹਾਲ ਦਾ ਨੀਂਹ ਪੱਥਰ ਰੱਖਣ ਪਿੱਛੋਂ ਕੈਬਨਿਟ ਮੰਤਰੀ ਨੇ ਦੱਸਿਆ ਕਿ 500 ਵਿਅਕਤੀਆਂ ਦੀ ਸਮਰੱਥਾ ਵਾਲੇ ਇਸ ਕਮਿਊਨਿਟੀ ਹਾਲ ਦਾ ਕੰਮ 6 ਮਹੀਨਿਆਂ ਵਿੱਚ ਮੁਕੰਮਲ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਸਰਬਪੱਖੀ ਵਿਕਾਸ ਲਈ ਵਚਨਬੱਧ ਹੈ ਅਤੇ ਇਸ ਲੜੀ ਤਹਿਤ ਹਲਕੇ ਵਿੱਚ ਵਿਕਾਸ ਕਾਰਜ ਜੰਗੀ ਪੱਧਰ ਉੱਤੇ ਜਾਰੀ ਹਨ ਅਤੇ ਲੋਕਾਂ ਦੀਆਂ ਸਾਰੀਆਂ ਮੁਸ਼ਕਲਾਂ ਦਾ ਹੱਲ ਕੀਤਾ ਜਾਣਾ ਯਕੀਨੀ ਬਣਾਇਆ ਜਾ ਰਿਹਾ ਹੈ। ਕੈਬਨਿਟ ਮੰਤਰੀ ਨੇ ਦੱਸਿਆ ਕਿ ਇਸ ਕਮਿਊਨਿਟੀ ਹਾਲ ਦੇ ਬਣਨ ਨਾਲ ਦਿੜ੍ਹਬਾ ਦੇ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਅਤੇ ਗਰੀਬ ਲੋਕਾਂ ਦੀ ਚਿਰੋਕਣੀ ਮੰਗ ਪੂਰੀ ਹੋ ਜਾਵੇਗੀ। ਕੈਬਨਿਟ ਮੰਤਰੀ ਨੇ ਜੋਰ ਦੇ ਕੇ ਕਿਹਾ ਕਿ ਇਸ ਹਾਲ ਦਾ ਵੱਡੀ ਗਿਣਤੀ ਲੋਕਾਂ ਨੂੰ ਫਾਇਦਾ ਹੋਵੇਗਾ, ਖਾਸਕਰ ਕੇ ਗ਼ਰੀਬ ਤੇ ਮੱਧਵਰਗੀ ਪਰਿਵਾਰ ਆਪਣੇ ਖੁਸ਼ੀ ਤੇ ਗਮੀ ਸਬੰਧੀ ਸਮਾਗਮ ਬਹੁਤ ਸੌਖਿਆਂ ਇੱਥੇ ਕਰ ਸਕਣਗੇ। ਉਨ੍ਹਾਂ ਕਿਹਾ ਕਿ ਗਰੀਬ ਤੇ ਮੱਧ ਵਰਗੀ ਪਰਿਵਾਰ ਜਦੋਂ ਆਪਣੇ ਸਮਾਗਮ ਕਰਜ਼ਾ ਚੁੱਕ ਕੇ ਮਹਿੰਗੇ ਪੈਲੇਸਾਂ ਵਿੱਚ ਕਰਦੇ ਹਨ ਤਾਂ ਕਰਜ਼ੇ ਦੇ ਬੋਝ ਹੇਠ ਦੱਬੇ ਜਾਂਦੇ ਹਨ ਤੇ ਕਈ-ਕਈ ਸਾਲ ਉਨ੍ਹਾਂ ਦੀਆਂ ਮੁਸ਼ਕਲਾਂ ਹੱਲ ਨਹੀਂ ਹੁੰਦੀਆਂ, ਪਰ ਇਹ ਕਮਿਊਨਿਟੀ ਹਾਲ ਲੋਕਾਂ ਲਈ ਮਦਦਗਾਰ ਸਿੱਧ ਹੋਵੇਗਾ ਤੇ ਉਨ੍ਹਾਂ ਨੂੰ ਕਰਜ਼ੇ ਤੋਂ ਵੀ ਬਚਾਏਗਾ। ਸ. ਚੀਮਾ ਨੇ ਇਹ ਵੀ ਦੱਸਿਆ ਕਿ ਦਿੜ੍ਹਬਾ ਵਿਖੇ ਗੁਰਦੁਆਰਾ ਸਾਹਿਬ ਵਾਲੇ ਤਿੰਨ ਗੇਟਾਂ ਸਬੰਧੀ ਪੈਸੇ ਜਾਰੀ ਕਰ ਦਿੱਤੇ ਗਏ ਹਨ। ਇਸ ਤੋਂ ਪਹਿਲਾਂ ਕੈਬਨਿਟ ਮੰਤਰੀ ਸ. ਹਰਪਾਲ ਸਿੰਘ ਚੀਮਾ ਨੇ ਸੂਬੇ ਦੇ ਹਰੇਕ ਖੇਤ ਨੂੰ ਨਹਿਰੀ ਪਾਣੀ ਦੀ ਸਹੂਲਤ ਨਾਲ ਜੋੜਨ ਦੇ ਕੀਤੇ ਜਾ ਰਹੇ ਪੰਜਾਬ ਸਰਕਾਰ ਦੇ ਉਪਰਾਲਿਆਂ ਤਹਿਤ ਵਿਧਾਨ ਸਭਾ ਹਲਕਾ, ਦਿੜ੍ਹਬਾ ਦੇ ਪਿੰਡ ਜਨਾਲ ਵਿਖੇ ਕਰੀਬ 2 ਕਰੋੜ 20 ਲੱਖ ਰੁਪਏ ਦੀ ਲਾਗਤ ਪਾਈ ਜਾਣ ਵਾਲੀ 17 ਕਿਲੋਮੀਟਰ ਲੰਬੀ ਨਹਿਰੀ ਪਾਣੀ ਦੀ ਪਾਈਪ ਲਾਈਨ ਦਾ ਨੀਂਹ ਪੱਥਰ ਵੀ ਰੱਖਿਆ।

# ਪਿੰਡ ਕੁਹਾੜੀਆਂ ਵਾਲੀ ਵਿਖੇ ਤੰਬਾਕੂ ਰਹਿਤ ਦਿਵਸ ਮਨਾਇਆ ਗਿਆ

**ਫਾਜਿਲਕਾ** - ਮਾਣਯੋਗ ਨੈਸ਼ਨਲ ਲੀਗਲ ਸਰਵਿਸਜ਼ ਅਥਾਰਟੀ ਮਾਣਯੋਗ ਮੈਂਬਰ ਸਕੱਤਰ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਮੋਹਾਲੀ ਅਤੇ ਮਾਣਯੋਗ ਜ਼ਿਲਾ ਅਤੇ ਸੈਸ਼ਨ ਜੱਜ ਸਰਦਾਰ ਅਵਤਾਰ ਸਿੰਘ ਜੀ ਦੀਆਂ ਹਦਾਇਤਾਂ ਦੀ ਪਾਲਣਾ ਹਿੱਤ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਫਾਜ਼ਿਲਕਾ ਦੁਆਰਾ ਪਿੰਡ ਕੁਹਾੜੀਆਂ ਵਾਲੀ ਵਿਖੇ ਤੰਬਾਕੂ ਰਹਿਤ ਦਿਵਸ ਮਨਾਇਆ ਗਿਆ। ਇਸ ਦਿਵਸ ਤੇ ਮੈਡਮ ਰੂਚੀ ਸਵਪਨ ਸ਼ਰਮਾ, ਸੀ.ਜੇ.ਐੱਮ—ਕਮ —ਸਕੱਤਰ ਜ਼ਿਲਾ ਕਾਨੂੰਨੀ ਸੇਵਾਵਾਂ ਅਥਾਰਟੀ ਫਾਜ਼ਿਲਕਾ ਜੀਆਂ ਨੇ ਪਿੰਡ ਦੇ ਵਾਸੀਆਂ ਨੂੰ ਜਾਨਕਾਰੀ ਦੇਂਦਿਆਂ ਦਸਿਆ ਕਿ ਵਿਸ਼ਵ ਭਰ ਵਿਚ ਤੰਬਾਕੂ ਰਹਿਤ ਦਿਵਸ ਮਨਾਇਆ ਜਾਂਦਾ ਹੈ। ਇਸ ਦਿਨ ਤੰਬਾਕੂ ਵਿਰੋਧੀ ਗਤੀਵਿਧੀਆਂ ਅਤੇ ਤੰਬਾਕੂ ਤੋਂ ਬਚਣ ਲਈ ਜਾਗਰੂਕਤਾ ਸਮਾਗਮ ਕੀਤੇ ਜਾਂਦੇ ਹਨ। ਉਨ੍ਹਾਂ ਨੇ ਤੰਬਾਕੂ ਦੇ ਨਕਸਾਨਾ ਬਾਰੇ ਦਸਿਆ ਕਿ ਫੇਫੜਿਆਂ, ਮੂੰਹ, ਗਲੇ, ਪੇਟ ਆਦਿ ਦੇ ਕੈਂਸਰ ਦੀ ਸੰਭਾਵਨਾ ਹੁੰਦੀ ਹੈ। ਦਿਲ ਦੀਆਂ ਬਿਮਾਰੀਆਂ ਹੋ ਸਕਦੀਆਂ ਹਨ। ਸਾਹ ਲੈਣ ਵਿੱਚ ਸਮੱਸਿਆ ਹੋ ਸਕਦੀ ਹੈ। ਤੰਬਾਕੂ ਦੀ ਵਰਤੋਂ ਮਰਦਾਂ ਅਤੇ ਔਰਤਾਂ ਵਿੱਚ ਜਣਨ ਸ਼ਕਤੀ ਦੀਆਂ ਸਮੱਸਿਆਵਾਂ ਦਾ ਕਾਰਨ ਬਣ ਸਕਦੀ ਹੈ। ਸਮੇਂ ਤੋਂ ਪਹਿਲਾਂ ਮੌਤ ਦਾ ਖ਼ਤਰਾ ਹੁੰਦਾ ਹੈ। ਉਨ੍ਹਾਂ ਨੇ ਕਿਹਾ ਕਿ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਤੰਬਾਕੂ ਉਤਪਾਦ ਵਿੱਚ ਜਾਂ ਤੰਬਾਕੂ ਦੀ ਵਿਕਰੀ ਵਿੱਚ ਲਗਾਉਣਾ ਕਾਨੂੰਨਨ ਅਪਰਾਧ ਹੈ ਅਤੇ 18 ਸਾਲ ਤੋਂ ਘੱਟ ਉਮਰ ਦੇ ਬੱਚੇ ਨੂੰ ਤੰਬਾਕੂ ਵੇਚਣਾ ਵੀ ਕਾਨੂੰਨਨ ਅਪਰਾਧ ਹੈ। ਤੰਬਾਕੂ ਦੇ ਸੇਵਨ ਦੇ ਬੁਰੇ ਪ੍ਰਭਾਵਾਂ ਤੋਂ ਲੋਕਾਂ ਨੂੰ ਬਚਾਉਣ ਲਈ ਸਿਗਰਟ ਐਂਡ ਅਦਰ ਤੰਬਾਕੂ ਪ੍ਰੋਡੱਕਟ ਐਕਟ (ਕੋਟਪਾ) 2003 ਲਾਗੂ ਕੀਤਾ ਗਿਆ ਹੈ। ਜਿਸ ਦੀਆਂ ਵੱਖ ਵੱਖ ਧਾਰਾਵਾਂ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸੈਕਸ਼ਨ 4 ਅਧੀਨ ਜਨਤਕ ਥਾਵਾਂ ਤੇ ਤੰਬਾਕੂਨੋਸ਼ੀ ਕਰਨ ਤੇ ਸਖਤ ਮਨਾਹੀ ਹੈ, ਸੈਕਸ਼ਨ 6—ਏ ਅਨੁਸਾਰ 18 ਸਾਲ ਤੋਂ ਘੱਟ ਦੇ ਬੱਚਿਆਂ ਦੁਆਰਾ ਤੰਬਾਕੂ ਖਰੀਦੋ ਫਰੋਖਤ ਨਹੀਂ ਕੀਤੀ ਜਾ ਸਕਦੀ, ਸੈਕਸ਼ਨ 6—ਬੀ ਅਨੁਸਾਰ ਸਿੱਖਿਆ ਸੰਸਥਾਵਾਂ ਦੇ 100 ਗਜ ਦੇ ਘੇਰੇ ਅੰਦਰ ਤੰਬਾਕੂ ਤੇ ਤੰਬਾਕੂ ਤੋਂ ਬਣੇ ਪਦਾਰਥਾਂ ਦੀ ਵਿਕਰੀ ਤੇ ਸਖਤ ਮਨਾਹੀ ਹੈ, ਸੈਕਸ਼ਨ 5 ਅਨੁਸਾਰ ਤੰਬਾਕੂ ਪਦਾਰਥਾਂ ਦੀ ਸਿੱਧੇ ਜਾਂ ਅਸਿੱਧੇ ਤਰੀਕੇ ਨਾਲ ਮਸ਼ਹੂਰੀ ਨਹੀਂ ਕੀਤੀ ਜਾ ਸਕਦੀ ਅਤੇ ਕਾਊਂਟਰ ਜਾਂ ਟੇਬਲ ਤੇ ਸਾਹਮਣੇ ਰੱਖ ਕੇ ਨਹੀਂ ਵੇਚੇ ਜਾ ਸਕਦੇ।

# ਸ਼ਰਾਬ ਮਾਫੀਆ ਨੂੰ ਬਚਾ ਰਹੇ ਅਕਾਲੀ ਆਗੂ ! ’ਆਪ’ ਨੇ ਈਥਾਨੋਲ ਜ਼ਬਤੀ ਤੋਂ ਬਾਅਦ ਉਨ੍ਹਾਂ ਦੇ ਕਥਿਤ ਸਬੰਧਾਂ ਦਾ ਕੀਤਾ ਪਰਦਾਫਾਸ਼

## ਅਕਾਲੀ ਦਲ ਦਾ ਸ਼ਰਾਬ ਅਤੇ ਨਸ਼ਾ ਤਸਕਰਾਂ ਦੇ ਨੈੱਟਵਰਕਾਂ ਨਾਲ ਪੁਰਾਣਾ ਗਠਜੋੜ ਫਿਰ ਤੋਂ ਹੋਇਆ ਬੇਨਕਾਬ: ਬਲਤੇਜ ਪੰਨੂ

**ਚੰਡੀਗੜ੍ਹ** - ਆਮ ਆਦਮੀ ਪਾਰਟੀ ਨੇ ਬਠਿੰਡਾ ਵਿੱਚ ਵੀਰਵਾਰ ਰਾਤ ਨੂੰ ਪੰਜਾਬ ਪੁਲਿਸ ਵੱਲੋਂ 80,000 ਲੀਟਰ ਈਥਾਨੌਲ ਦੀ ਬਰਾਮਦਗੀ ਸਬੰਧੀ ਅਕਾਲੀ ਆਗੂ ਦੇ ਦੋਸ਼ਾਂ ਨੂੰ ਨਕਾਰ ਦਿੱਤਾ ਹੈ। ’ਆਪ’ ਆਗੂ ਬਲਤੇਜ ਪੰਨੂ ਨੇ ਕਿਹਾ ਕਿ ਹਰ ਕੋਈ ਜਾਣਦਾ ਹੈ ਕਿ ਪੰਜਾਬ ਵਿੱਚ ਈਥਾਨੌਲ ਦੀ ਵਰਤੋਂ ਜ਼ਿਆਦਾਤਰ ਨਕਲੀ ਸ਼ਰਾਬ ਬਣਾਉਣ ਲਈ ਕੀਤੀ ਜਾਂਦੀ ਹੈ।



ਬਲਤੇਜ ਪੰਨੂ ਨੇ ਸਵਾਲ ਕੀਤਾ, ÷ਮੈਂ ਅਕਾਲੀ ਦਲ (ਬਾਦਲ) ਨੂੰ ਪੁੱਛਣਾ ਚਾਹੁੰਦਾ ਹਾਂ ਕਿ 2007 ਤੋਂ 2017 ਤੱਕ, ਤੁਹਾਡੀ ਸਰਕਾਰ ਸੀ, ਉਸ ਸਮੇਂ ਜਦੋਂ ਵੀ ਕੋਈ ਨਸ਼ਾ ਤਸਕਰ ਫੜਿਆ ਜਾਂਦਾ ਸੀ, 24 ਘੰਟਿਆਂ ਦੇ ਅੰਦਰ-ਅੰਦਰ ਉਨ੍ਹਾਂ ਦੇ ਕਿਸੇ ਨਾ ਕਿਸੇ ਆਗੂ, ਵਿਧਾਇਕ ਜਾਂ ਮੰਤਰੀ ਨਾਲ ਉਸ ਦੀ ਫ਼ੋਟੋ ਸਾਹਮਣੇ ਆ ਜਾਂਦੀ ਸੀ ਕਿ ਇਸ ਦਾ ਦੇ ਉਸ ਦੇ ਨਾਲ ਸਬੰਧ ਹੈ। ਕੀ ਇਸ ਮਾਮਲੇ ਵਿੱਚ ਵੀ ਤੁਹਾਡੀ ਕੋਈ ਨਿੱਜੀ ਦਿਲਚਸਪੀ ਹੈ ਕਿ ਤੁਹਾਡੇ ਆਗੂ ਉਸ ਨੂੰ ਬਚਾਉਣ ਲਈ ਪ੍ਰੈੱਸ ਕਾਨਫ਼ਰੰਸਾਂ ਕਰ ਰਹੇ ਹਨ?

ਪੰਨੂ ਨੇ ਕਿਹਾ ਕਿ ਅਕਾਲੀ ਆਗੂ ਆਪਣੀ ਪ੍ਰੈੱਸ ਕਾਨਫ਼ਰੰਸ ਵਿੱਚ ਇਹ ਦੱਸਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਪੁਲਿਸ ਨੇ ਈਥਾਨੌਲ ਗ਼ਲਤ ਤਰੀਕੇ ਨਾਲ ਜ਼ਬਤ ਕੀਤਾ ਹੈ। ਉਹ ਕਹਿ ਰਿਹਾ ਹੈ ਕਿ ਇਹ ਈਥਾਨੌਲ ਵੇਚਣ ਲਈ ਨਹੀਂ ਸਗੋਂ ਨੇੜੇ ਦੀ ਤੇਲ ਰਿਫ਼ਾਈਨਰੀ ਵਿੱਚ ਲਿਜਾਇਆ ਜਾ ਰਿਹਾ ਸੀ।

ਉਨ੍ਹਾਂ ਕੋਲ ਡਰੰਮ ਵਿੱਚ ਸੁਵਿਧਾਜਨਕ ਢੰਗ ਨਾਲ ਪਾਉਣ ਲਈ ਲੋੜੀਂਦਾ ਸਾਰਾ ਸਾਮਾਨ ਸੀ। ਇਹ ਸਾਰੀਆਂ ਚੀਜ਼ਾਂ ਮੌਕੇ ’ਤੇ ਹੀ ਫੜੀਆਂ ਗਈਆਂ। ਇਹ ਸਾਬਤ ਕਰਦਾ ਹੈ ਕਿ ਈਥਾਨੌਲ ਦੀ ਵਰਤੋਂ ਗ਼ਲਤ ਚੀਜ਼ਾਂ ਲਈ ਕੀਤੀ ਜਾਣੀ ਸੀ। ਪੁਲਿਸ ਨੂੰ ਵੀ ਇਸੇ ਤਰ੍ਹਾਂ ਦੀ ਜਾਣਕਾਰੀ ਮਿਲੀ ਸੀ, ਇਸ ਲਈ ਉਨ੍ਹਾਂ ਨੇ ਚੌਕਸੀ ਨਾਲ ਦੋਵੇਂ ਟਰੱਕ ਫੜ ਲਏ। ਉਨ੍ਹਾਂ ਕਿਹਾ ਕਿ ਨਸ਼ਿਆਂ ਸਬੰਧੀ ਅਕਾਲੀ ਦਲ ਦਾ ਅਸਲੀ ਚਿਹਰਾ ਇੱਕ ਵਾਰ ਫਿਰ ਸਾਰਿਆਂ ਦੇ ਸਾਹਮਣੇ ਬੇਨਕਾਬ ਹੋ ਗਿਆ ਹੈ ਕਿ ਇਹ ਲੋਕ ਨਸ਼ਾ ਤਸਕਰਾਂ ਨੂੰ ਕਿਵੇਂ ਪਨਾਹ ਦਿੰਦੇ ਹਨ। ਆਖ਼ ?ਰ, ਉਨ੍ਹਾਂ ਨੂੰ ਇਹ ਸਭ ਸਭ ਦੱਸਣ ਦੀ ਇੰਨੀ ਜਲਦੀ ਕਿਉਂ ਹੈ? ਉਨ੍ਹਾਂ ਕਿਹਾ ਕਿ ਜਦੋਂ ਕੈਪਟਨ ਅਮਰਿੰਦਰ ਸਿੰਘ ਪੰਜਾਬ ਦੇ ਮੁੱਖ ਮੰਤਰੀ ਸਨ, ਤਾਂ ਬਹੁਤ ਸਾਰੀਆਂ ਨਕਲੀ ਸ਼ਰਾਬ ਦੀਆਂ ਫ਼ੈਕਟਰੀਆਂ ਚੱਲ ਰਹੀਆਂ ਸਨ ਅਤੇ ਬਦਕਿਸਮਤੀ ਨਾਲ ਜ਼ਿਆਦਾਤਰ ਫ਼ੈਕਟਰੀਆਂ ਪਟਿਆਲਾ ਵਿੱਚ ਸਨ ਅਤੇ ਉਹ ਕਿਸ-ਕਿਸ ਦੇ ਨਾਂ ਬੋਲਦੇ ਸਨ,ਹਰ ਕੋਈ ਜਾਣਦਾ ਹੈ।

# ਜੈਵਿਕ ਖੇਤੀ ਵੱਲ ਧਿਆਨ ਦੇਣਾ ਸਮੇਂ ਦੀ ਲੋੜ Siva :- ਸਪੀਕਰ ਕੁਲਤਾਰ ਸਿੰਘ ਸੰਧਵਾਂ

## ਪੰਜਾਬ ਸਰਕਾਰ ਵਲੋ ਕਿਸਾਨਾਂ ਨੂੰ ਕਣਕ ਅਤੇ ਝੋਨੇ ਦੇ ਫ਼ਸਲੀ ਚੱਕਰ ਵਿੱਚੋਂ ਕੱਢਣ ਲਈ 1 ਹਜ਼ਾਰ ਕਰੋੜ ਰੁਪਏ ਰੱਖੇ ਗਏ ਹਨ : ਸਪੀਕਰ ਸੰਧਵਾ

**ਖੰਨਾ, ਲੁਧਿਆਣਾ, ਲਾਲ ਸਿੰਘ ਮਾਂਗਟ**

ਪੰਜਾਬ ਵਾਸੀਆਂ ਅਤੇ ਕਿਸਾਨਾਂ ਵਲੋ ਜੈਵਿਕ ਖਾਦਾਂ ਅਤੇ ਕੀਟਨਾਸ਼ਕ ਮੁਕਤ ਖੇਤੀ ਵੱਲ ਕਾਫੀ ਰੁਚੀ ਦਿਖਾਈ ਜਾ ਰਹੀ ਹੈ। ਉਹਨਾਂ ਕਿਹਾ ਕਿ ਪਲੀਤ ਹੋ ਰਹੇ ਕੁਦਰਤੀ ਸੋਮਿਆਂ ਅਤੇ ਲੋੜੋਂ ਵੱਧ ਜਹਿਰਾਂ ਦੀ ਵਰਤੋਂ ਨਾਲ ਵਾਤਾਵਰਨ ਅਤੇ ਮਨੁੱਖਾਂ ਉੱਤੇ ਅਸਰ, ਜ਼ਹਿਰ ਮੁਕਤ ਉਤਪਾਦਾਂ ਅਤੇ ਤਾਜ਼ੀਆਂ ਫਲ-ਸਬਜੀਆਂ ਖਾ ਕੇ ਹੀ ਬਚਿਆ ਜਾ ਸਕਦਾ ਹੈ। ਇਹ ਪ੍ਰਗਟਾਵਾ ਪੰਜਾਬ ਵਿਧਾਨ ਸਭਾ ਦੇ ਸਪੀਕਰ ਸ੍ਰੀ ਕੁਲਤਾਰ ਸਿੰਘ ਸੰਧਵਾਂ ਨੇ ਬਿੱਗ ਰਿਜੋ ?ਰਟ ਖੰਨਾ ਵਿਖੇ ਜਨਰੇਸ਼ਨ ਆਫ ਫਾਰਮਿੰਗ ਸੰਸਥਾ ਵਲੋਂ ਜੈਵਿਕ ਖੇਤੀ, ਡੇਅਰੀ ਫਾਰਮਿੰਗ ਅਤੇ ਸਿਹਤ ਪ੍ਰਤੀ ਜ਼ਾਹਿਰ ਮੁਕਤ ਭੋਜਨ ਤਹਿਤ ਕਰਵਾਏ ਗਏ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਣ ਮੌਕੇ ਕੀਤਾ।

ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਅਦਾਰੇ ਪੰਜਾਬ ਐਗਰੋ ਵੱਲੋਂ ਕਿਸਾਨਾਂ ਲਈ ਜੈਵਿਕ ਖੇਤੀ ਨੂੰ ਪ੍ਰਫੁੱਲਤ ਕਰਨ ਲਈ ਨਿਰੰਤਰ ਕੰਮ ਕੀਤਾ ਜਾ ਰਿਹਾ ਹੈ। ਜਿਸ ਦੇ ਨਾਲ-ਨਾਲ ਕਿਸਾਨਾਂ ਨੂੰ ਮੁਫਤ ਸਰਟੀਫਿਕੇਸਨ, ਬਾਇਓ ਖਾਦਾਂ, ਗੰਡੋਆ ਖਾਦ, ਮਿੱਟੀ ਦੇ ਸੈਂਪਲ, ਬਾਇਓ ਇਨਪੁੱਟ ਆਦਿ ਦੀ ਸੁਵਿਧਾ ਵੀ ਮੁਫ਼ਤ ਦਿੱਤੀ ਜਾਂਦੀ ਹੈ ਅਤੇ ਤਕਨੀਕੀ ਸਿੱਖਿਆ ਵੀ ਖੇਤ ਤੱਕ ਪੁੱਜਦੀ ਕੀਤੀ ਜਾ ਰਹੀ ਹੈ।





...ਸਪੀਕਰ ਸੰਧਵਾਂ ਨੇ ਕਿਹਾ ਕਿ ਜਨਰੇਸ਼ਨ ਆਫ ਫਾਰਮਿੰਗ ਸੰਸਥਾ ਵਲੋਂ ਆਰਗੈਨਿਕ ਫਾਰਮਿੰਗ ਅਤੇ ਤੰਦਰੁਸਤ ਜੀਵਨ ਨੂੰ ਮੁੱਖ ਰੱਖਦੇ ਹੋਏ ਕਿਸਾਨਾਂ ਦੇ ਆਰਥਿਕ ਜੀਵਨ ਨੂੰ ਵਧੀਆ ਬਣਾਉਣ ਲਈ ਜਾਗਰੂਕ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਇਸ ਸੰਸਥਾ ਨਾਲ ਹਜ਼ਾਰਾਂ ਕਿਸਾਨ ਜੁੜੇ ਹੋਏ ਹਨ। ਕਿਸਾਨਾਂ ਅਤੇ ਲੋਕਾਂ ਨੂੰ ਜ਼ਾਹਿਰ ਮੁਕਤ ਭੋਜਨ ਅਤੇ ਦੁੱਧ ਉਤਪਾਦਨ ਪ੍ਰਤੀ ਉਤਸ਼ਾਹਿਤ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਇਹ ਮਾਡਲ ਬਹੁਤ ਵਧੀਆ ਹੈ। ਇਹ ਸਮੇਂ ਦੀ ਲੋੜ ਵੀ ਹੈ। ਇਹ ਉਹੀ ਮਾਡਲ ਹੈ ਜਿਸ ਨੂੰ ਇੱਥੇ ਵੱਡੇ-ਵੱਡੇ ਕਾਰਪੋਰੇਟ ਕਰਨਾ ਚਾਹੁੰਦੇ ਹਨ। ਇਸ ਲਈ ਸਾਡੇ ਕਿਸਾਨਾਂ ਨੂੰ ਇਹ ਮਾਡਲ ਖੁਦ ਹੀ ਅਪਨਾ ਲੈਣਾ ਚਾਹੀਦਾ ਹੈ। ਇਸ ਸੰਸਥਾ ਦਾ ਬਹੁਤ ਵਧੀਆ ਉਪਰਾਲਾ ਹੈ ਉਨ੍ਹਾਂ ਕਿਹਾ ਮੈਂ ਇਹਨਾਂ ਨੂੰ ਵਧਾਈ ਦਿੰਦਾ ਹਾਂ। ਸੰਧਵਾਂ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਫੇਜ਼ 1 ਪ੍ਰੋਜੈਕਟ ਬਣਾਇਆ ਹੈ ਜਿਸ ਨਾਲ ਸਥਾਨਕ ਉਤਪਾਦਨ ਦਾ ਮੰਡੀਕਰਨ ਕਰਕੇ ਇੱਥੇ ਹੀ ਵੇਚਣਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀ.ਏ.ਯੂ) ਇਸ 'ਤੇ ਬਹੁਤ ਵੱਡਾ ਕੰਮ ਕਰ ਰਹੀ ਹੈ। ਹੋਲੀ-ਹੋਲੀ ਕਿਸਾਨਾਂ ਨੂੰ ਇਸ ਪਾਸੇ ਲਿਆਂਦਾ ਜਾ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਨੂੰ ਕਣਕ ਅਤੇ ਝੋਨੇ ਦੇ ਫ਼ਸਲੀ ਚੱਕਰ ਵਿੱਚੋਂ ਕੱਢਣ ਲਈ 1 ਹਜ਼ਾਰ ਕਰੋੜ ਰੁਪਏ ਰੱਖਿਆ ਗਿਆ ਹੈ। ਪੰਜਾਬ ਸਰਕਾਰ ਦਾ ਇਹ ਬਹੁਤ ਵੱਡਾ ਉਪਰਾਲਾ ਹੈ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਤਾਂ ਸਾਰਾ ਕੁੱਝ ਹੀ ਜਿਵੇਂ ਕਿ ਹਵਾ, ਪਾਣੀ ਅਤੇ ਮਿੱਟੀ ਨੂੰ ਗੰਧਲਾ ਕਰ ਰਿਹਾ ਹੈ। ਸਾਡੇ ਖ਼ੂਨ ਵਿੱਚ ਜ਼ਹਿਰ ਆ ਰਹੀ ਹੈ। ਇਸ ਲਈ ਕਿਸਾਨੀ ਸੋਚ ਨੂੰ ਵੀ ਬਦਲਣਾ ਪੈਣਾ ਹੈ। ਹੁਣ ਸਮਾਂ ਹੈ ਕਿ ਸੂਬੇ ਦੇ ਸਾਰੇ ਲੋਕਾਂ ਨੂੰ ਸਰਕਾਰ ਨਾਲ ਮਿਲ ਕੇ ਜੈਵਿਕ ਖੇਤੀ ਕਰਨ ਵੱਲ ਧਿਆਨ ਦੇਣਾ ਚਾਹੀਦਾ ਹੈ। ਸਪੀਕਰ ਨੇ ਲੋਕਾਂ ਨੂੰ ਕਿਹਾ ਕਿ ਫਲ ਅਤੇ ਸਬਜੀਆਂ ਦੀ ਪ੍ਰੋਸੈਸਿੰਗ, ਰਸਾਇਣ ਮੁਕਤ ਘਰੇਲੂ ਬਗੀਚੀ, ਫਰੂਟ ਨਿਊਟਰਿਸ਼ਨ ਗਾਰਡਨ ਅਤੇ ਹਰਬਲ ਗਾਰਡਨ ਤਰੀਕੇ ਨੂੰ ਘਰੇਲੂ ਪੱਧਰ 'ਤੇ ਅਪਨਾਉਣ ਨਾਲ ਜਿੱਥੇ ਜੈਵਿਕ ਸਬਜੀਆਂ ਅਤੇ ਫਲਾਂ ਦੀ ਪੈਦਾਵਾਰ ਕਰਕੇ ਆਪਣੇ ਆਪ ਨੂੰ ਰੋਗ ਮੁਕਤ ਰੱਖਣ ਦੇ ਨਾਲ ਨਾਲ ਜਰੂਰੀ ਪੌਸ਼ਟਿਕ ਤੱਤਾਂ ਦੀ ਪੂਰਤੀ ਵੱਲ ਧਿਆਨ ਦੇਣ ।ਕੇਂਦਰ ਸਰਕਾਰ ਦੇ ਜੈਵਿਕ ਖੇਤੀ ਸਬੰਧੀ ਸਮਰਥਨ ਬਾਰੇ ਪੁੱਛੇ ਸਵਾਲ ਦਾ ਜਵਾਬ ਦਿੰਦੇ ਹੋਏ ਸਪੀਕਰ ਸੰਧਵਾਂ ਨੇ ਕਿਹਾ ਕਿ ਹੁਣ ਤੱਕ ਕੇਂਦਰ ਸਰਕਾਰ ਦਾ ਤਾਂ ਧੱਕਾ ਹੀ ਹੈ ਜੇਕਰ ਕੇਂਦਰ ਸਰਕਾਰ ਵੱਲੋਂ ਮੱਦਦ ਹੁੰਦੀ ਤਾਂ ਪੰਜਾਬ ਦੀ ਖੇਤੀ ਦੁਨੀਆਂ ਵਿੱਚੋਂ ਇੱਕ ਨੰਬਰ ਤੇ ਹੋਣੀ ਸੀ ।ਇਸ ਮੌਕੇ ਜਨਰੇਸ਼ਨ ਆਫ ਫਾਰਮਿੰਗ ਸੰਸਥਾ ਵਲੋਂ 5 ਹਜ਼ਾਰ ਫਲਦਾਰ ਬੂਟੇ ਵੀ ਵੰਡੇ ਗਏ ।ਇਸ ਮੌਕੇ ਜਨਰੇਸ਼ਨ ਆਫ ਫਾਰਮਿੰਗ ਸੰਸਥਾ ਦੇ ਚੇਅਰਮੈਨ ਬਿਕਰਮਜੀਤ ਸਿੰਘ ਰੰਧਾਵਾ, ਐਮ.ਡੀ ਜਸਪ੍ਰੀਤ ਸਿੰਘ, ਡਾਇਰੈਕਟਰ ਪਰਮਿੰਦਰ ਸਿੰਘ ਤੋਂ ਵੱਡੀ ਗਿਣਤੀ ਕਿਸਾਨ ਸ਼ਾਮਲ ਸਨ।

**● ਕਿਸਾਨੀ ਸੋਚ ਨੂੰ ਬਦਲ ਕੇ ਅਤੇ ਜੈਵਿਕ ਖੇਤੀ ਵੱਲ ਲਗਾ ਕੇ ਹੀ ਹਵਾ, ਪਾਣੀ ਅਤੇ ਮਿੱਟੀ ਨੂੰ ਗੰਧਲਾ ਹੋਣ ਤੋਂ ਬਚਾਇਆ ਜਾ ਸਕਦਾ**

**● ਸਪੀਕਰ ਕੁਲਤਾਰ ਸਿੰਘ ਸੰਧਵਾਂ ਜਨਰੇਸ਼ਨ ਆਫ ਫਾਰਮਿੰਗ ਸੰਸਥਾ ਵਲੋਂ ਜੈਵਿਕ ਖੇਤੀ ਸਬੰਧੀ ਕਰਵਾਏ ਗਏ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ**

# ਪੰਜਾਬ ਦੇ ਰੌਸ਼ਨ ਭਵਿੱਖ ਲਈ ਨਸ਼ਿਆਂ ਖ਼ਿਲਾਫ਼ ਇੱਕਜੁੱਟਤਾ ਜ਼ਰੂਰੀ : ਡਾ. ਬਲਬੀਰ ਸਿੰਘ

## ▲ ਘਰ 'ਚ ਨਸ਼ਾ ਵੜਨ ਦਾ ਸਭ ਤੋਂ ਵੱਡਾ ਸੰਤਾਪ ਔਰਤ ਨੂੰ ਭੋਗਣਾ ਪੈਂਦੇ : ਸਿਹਤ ਮੰਤਰੀ
## ▲ ਨਸ਼ਾ ਮੁਕਤੀ ਯਾਤਰਾ ਨੂੰ ਪਟਿਆਲਾ ਜ਼ਿਲ੍ਹੇ 'ਚ ਵੱਡਾ ਹੁੰਗਾਰਾ ਮਿਲਿਆ

**ਪਟਿਆਲਾ/ਅਮਨ ਸਿੱਧੂ ਮੱਲੇਵਾਲ**

ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ ਸੂਬੇ ਦੇ ਰੌਸ਼ਨ ਭਵਿੱਖ ਲਈ ਜ਼ਰੂਰੀ ਹੈ ਕਿ ਨਸ਼ਿਆਂ ਦੇ ਖ਼ਾਤਮੇ ਲਈ ਸਮੂਹ ਪੰਜਾਬੀ ਇੱਕਜੁੱਟ ਹੋ ਕੇ ਹੰਭਲਾ ਮਾਰਨ ਤੇ ਇਸ ਕੋਹੜ ਨੂੰ ਜੜ੍ਹ ਤੋਂ ਖ਼ਤਮ ਕੀਤਾ ਜਾਵੇ। ਇਹ ਪ੍ਰਗਟਾਵਾਂ ਉਨ੍ਹਾਂ ਨਸ਼ਾ ਮੁਕਤੀ ਯਾਤਰਾ ਦੌਰਾਨ ਪਟਿਆਲਾ ਜ਼ਿਲ੍ਹੇ ਦੇ ਪਿੰਡ ਕਸਿਆਣਾ, ਫੱਗਣਮਾਜਰਾ, ਨੰਦਪੁਰ ਕੇਸੋਂ, ਕਰਮਗੜ੍ਹ, ਕਲੀਫੇਵਾਲ, ਚਲੈਲਾ ਤੇ ਰੋੜਗੜ੍ਹ ਦੇ ਵਸਨੀਕਾਂ ਨੂੰ ਆਪਣੇ ਆਪਣੇ ਪਿੰਡ ਨੂੰ ਨਸ਼ਾ ਮੁਕਤ ਬਣਾਉਣ ਦਾ ਅਹਿਦ ਦਿਵਾਉਂਦਿਆਂ ਕੀਤਾ।

ਡਾ. ਬਲਬੀਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਵੱਲੋਂ ਨਸ਼ਿਆਂ ਖ਼ਿਲਾਫ਼ ਛੇੜੀ ਜੰਗ ਦਾ ਮੁੱਖ ਉਦੇਸ਼ ਪੰਜਾਬ ਦੇ ਨੌਜਵਾਨਾਂ ਨੂੰ ਨਸ਼ਿਆਂ ਦੀ ਲਪੇਟ ਤੋਂ ਬਾਹਰ ਕੱਢ ਕੇ ਰੌਸ਼ਨ ਭਵਿੱਖ ਵੱਲ ਲਿਜਾਣਾ ਹੈ। ਉਨ੍ਹਾਂ ਕਿਹਾ ਕਿ ਨਸ਼ਾ ਮੁਕਤੀ ਯਾਤਰਾ ਨੂੰ ਜਿਸ ਤਰ੍ਹਾਂ ਦਾ ਹੁੰਗਾਰਾ ਪਿੰਡਾਂ ਤੇ ਸ਼ਹਿਰਾਂ ਵਿੱਚ ਮਿਲ ਰਿਹਾ ਹੈ, ਉਸ ਤੋਂ ਸਪਸ਼ਟ ਹੈ ਕਿ ਪੰਜਾਬ ਵਾਸੀਆਂ ਨੇ ਨਸ਼ਿਆਂ ਦੇ ਕੋਹੜ ਨੂੰ ਜੜ੍ਹ ਖ਼ਤਮ ਕਰਨ ਦਾ ਪ੍ਰਣ ਲੈ ਲਿਆ ਹੈ।

ਉਨ੍ਹਾਂ ਵੱਡੀ ਗਿਣਤੀ ਹਾਜ਼ਰ ਔਰਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜਦ ਕਿਸੇ ਘਰ ਵਿੱਚ ਨਸ਼ਾ ਵੜਦਾ ਹੈ ਤਾਂ ਸਭ ਤੋਂ ਵੱਧ ਪ੍ਰਭਾਵਿਤ ਉਸ ਘਰ ਦੀਆਂ ਔਰਤਾਂ ਹੁੰਦੀਆਂ ਹਨ। ਕਿਉਂਕਿ ਨਸ਼ਿਆਂ ਨਾਲ ਘਰੇਲੂ ਹਿੰਸਾ, ਚੋਰੀ, ਗ਼ਰੀਬੀ, ਬਿਮਾਰੀ ਤੇ ਛੋਟੇ ਬੱਚਿਆਂ ਦਾ ਧੁੰਦਲਾ ਭਵਿੱਖ ਔਰਤ ਆਪਣੇ 'ਤੇ ਹੰਢਾਉਂਦੀ ਹੈ। ਉਨ੍ਹਾਂ ਪਿੰਡਾਂ ਦੀਆਂ ਔਰਤਾਂ ਨੂੰ ਨਸ਼ਿਆਂ ਖ਼ਿਲਾਫ਼ ਇਸ ਲੜਾਈ 'ਚ ਲਾਮਬੰਦ ਹੋਣ ਦਾ ਸੱਦਾ ਦਿੰਦਿਆਂ ਕਿਹਾ ਕਿ ਜੇਕਰ ਪਿੰਡ ਦੀਆਂ ਔਰਤਾਂ ਏਕਾ ਕਰ ਲੈਣ ਕਿ ਪਿੰਡ ਵਿੱਚ ਨਸ਼ਾ ਨਹੀਂ ਵੜਨ ਦੇਣਾ ਤਾਂ ਉਹ ਦਿਨ ਦੂਰ ਨਹੀਂ ਜਦੋਂ ਨਸ਼ੇ ਦਾ ਪੂਰਨ ਤੌਰ 'ਤੇ ਖ਼ਾਤਮਾ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਜੇਕਰ ਪਿੰਡ ਵਿੱਚ ਕੋਈ ਨਸ਼ਾ ਵੇਚਣ ਆਉਂਦਾ ਹੈ ਤਾਂ ਉਸ ਦੀ ਸੂਚਨਾ ਪਿੰਡ ਵਿੱਚ ਬਣੀ ਵਿਲੇਜ ਡਿਫੈਂਸ ਕਮੇਟੀ ਦੇ ਮੈਬਰਾਂ ਤੱਕ ਪਹੁੰਚਾਈ ਜਾਵੇ ਤਾਂ ਜੋ ਨਸ਼ਾ ਵੇਚਣ ਵਾਲਿਆਂ ਵਿਰੁੱਧ ਕਰਵਾਈ ਕੀਤੀ ਜਾ ਸਕੇ। ਇਸੇ ਤਰ੍ਹਾਂ ਜੇਕਰ ਕੋਈ ਨਸ਼ਾ ਕਰਦਾ ਹੈ ਤਾਂ ਉਸ ਦੀ ਜਾਣਕਾਰੀ ਵੀ ਸਾਂਝੀ ਕੀਤੀ ਜਾਵੇ ਤਾਂ ਜੋ ਨਸ਼ਾ ਕਰਨ ਵਾਲੇ ਵਿਅਕਤੀ ਦੀ ਕਾਊਸਲਿੰਗ ਕਰਕੇ ਉਸ ਨੂੰ ਨਸ਼ਾ ਛੱਡਣ ਲਈ ਪ੍ਰੇਰਿਤ ਕੀਤਾ ਜਾ ਸਕੇ।

ਇਸ ਮੌਕੇ ਕੈਬਨਿਟ ਮੰਤਰੀ ਡਾ. ਬਲਬੀਰ ਸਿੰਘ ਦੀ ਮੌਜੂਦਗੀ 'ਚ ਵੱਡੀ ਗਿਣਤੀ ਹਾਜ਼ਰ ਪਿੰਡ ਵਾਸੀਆਂ ਨੇ ਪਿੰਡ ਨੂੰ ਨਸ਼ਾ ਮੁਕਤ ਬਣਾਉਣ ਦਾ ਸਮੂਹਿਕ ਤੌਰ 'ਤੇ ਪ੍ਰਣ ਲਿਆ। ਪਿੰਡ ਦੇ ਵਸਨੀਕਾਂ ਨੇ ਕਿਹਾ ਕਿ ਕਿਸੇ ਵੀ ਨਸ਼ਾ ਤਸਕਰ ਦੀ ਜ਼ਮਾਨਤ ਨਹੀਂ ਦੇਣਗੇ ਅਤੇ ਅਜਿਹੇ ਅਨਸਰਾਂ ਦਾ ਮੁਕੰਮਲ ਬਾਈਕਾਟ ਕਰਨਗੇ। ਪਿੰਡ ਵਾਸੀਆਂ ਨੇ ਪੰਜਾਬ ਸਰਕਾਰ ਦੀ ਇਸ ਮੁਹਿੰਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਹੁਣ ਲੋਕਾਂ ਨੂੰ ਵੀ ਪਤਾ ਲੱਗ ਗਿਆ ਹੈ ਕਿ ਨਸ਼ਾ ਤਸਕਰਾਂ ਨੂੰ ਕਿਸੇ ਦੀ ਪੁਸ਼ਤਪਨਾਹ ਨਹੀਂ ਹੈ ਤੇ ਹੁਣ ਲੋਕ ਵੀ ਇਨ੍ਹਾਂ ਖ਼ਿਲਾਫ਼ ਖੁੱਲ੍ਹ ਕੇ ਸਾਹਮਣੇ ਆਉਣ ਲੱਗੇ ਹਨ। ਇਸ ਮੌਕੇ ਨਸ਼ਾ ਮੁਕਤੀ ਮੋਰਚੇ ਦੇ ਪਟਿਆਲਾ ਦਿਹਾਤੀ ਦੇ ਕੁਆਰਡੀਨੇਟਰ ਯਾਦਵਿੰਦਰ ਗੋਲਡੀ, ਹਰਪਾਲ ਸਿੰਘ ਵਿਰਕ, ਜੈ ਸ਼ੰਕਰ ਸਮੇਤ ਵੱਖੋ-ਵੱਖ ਵਿਭਾਗਾਂ ਦੇ ਅਧਿਕਾਰੀ, ਡਿਫੈਂਸ ਕਮੇਟੀਆਂ ਦੇ ਮੈਂਬਰ, ਪੰਚ ਸਰਪੰਚ ਅਤੇ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਹਾਜ਼ਰ ਸਨ।





ਸਿਹਤ ਮੰਤਰੀ ਡਾ. ਬਲਬੀਰ ਸਿੰਘ ਨਸ਼ਾ ਮੁਕਤੀ ਯਾਤਰਾ ਦੌਰਾਨ ਪਿੰਡ ਵਾਸੀਆਂ ਨੂੰ ਸੰਬੋਧਨ ਕਰਦੇ ਹੋਏ।

# ਐੱਮ ਟੀ ਪੀ ਵਿਭਾਗ ਵਿੱਚ ਭ੍ਰਿਸ਼ਟਾਚਾਰ ਸਦਕੇ ਹੋ ਰਹੀਆਂ ਨਜਾਇਜ਼ ਉਸਾਰੀਆਂ: ਬਿੱਲਾ ਆਰੇ ਵਾਲਾ

**ਅੰਮ੍ਰਿਤਸਰ**

ਹਲਕਾ ਪੂਰਬੀ ਅਧੀਨ ਆਉਂਦੇ ਇਲਾਕੇ ਆਲੂ ਮੰਡੀ ਗੋਲਡਨ ਐਵੇਂਨਿਊ ਵਿਖੇ ਗੈਰ ਕਾਨੂੰਨੀ ਢੰਗ ਨਾਲ ਹੋ ਰਹੀਆਂ ਨਜਾਇਜ਼ ਉਸਾਰੀਆਂ ਦਾ ਸਿਲਸਿਲਾ ਲਗਾਤਾਰ ਜਾਰੀ ਹੈ ਹਾਲਾਂਕਿ ਵੇਖਿਆ ਜਾਵੇ ਤਾਂ ਮਾਨਯੋਗ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਅਤੇ ਨਗਰ ਨਿਗਮ ਕਮਿਸ਼ਨਰ ਅੰਮ੍ਰਿਤਸਰ ਵਲੋ ਸਮੇਂ ਸਮੇਂ ਤੇ ਬਿਆਨ ਜਾਰੀ ਕੀਤੇ ਜਾਂਦੇ ਹਨ ਪ੍ਰੰਤੂ ਇਹਨਾਂ ਦੇ ਹੁਕਮਾਂ ਦੀ ਪ੍ਰਵਾਹ ਕਰਦੇ ਹੋਏ ਗੈਰ ਕਾਨੂੰਨੀ ਉਸਾਰੀ ਕਰਨ ਵਾਲੇ ਬਿਨਾ ਕਿਸੇ ਡਰ ਤੋਂ ਨਜਾਇਜ਼ ਉਸਾਰੀਆਂ ਕਰਦੇ ਵੇਖੇ ਜਾ ਸਕਦੇ ਹਨ ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਉੱਘੇ ਸਮਾਜ ਸੇਵਕ ਬਲਬੀਰ ਸਿੰਘ ਬਿੱਲਾ ਆਰੇ ਵਾਲੇ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਸਾਂਝਾ ਕੀਤਾ ਉਨ੍ਹਾਂ ਕਿਹਾ ਕਿ ਹਾਈ ਕੋਰਟ ਦੇ ਹੁਕਮਾਂ ਨੂੰ ਛਿੱਕੇ ਟੰਗ ਕੇ ਸ਼ਹਿਰ ਵਿੱਚ ਨਜਾਇਜ ਉਸਾਰੀਆਂ ਐਮ ਟੀ ਪੀ ਵਿਭਾਗ ਦੇ ਅਧਿਕਾਰੀਆਂ ਦੀ ਮਿਲੀਭੁਗਤ ਸਦਕਾ ਹੋ ਰਹੀਆਂ ਹਨ ਸਾਡੇ ਵਲੋ ਸ਼ਹਿਰ ਵਿੱਚ ਹੋ ਰਹੀਆਂ ਨਜਾਇਜ਼ ਉਸਾਰੀਆਂ ਬਾਰੇ ਬੜੀ ਵਾਰੀ ਮਾਨਯੋਗ ਨਗਰ ਨਿਗਮ ਕਮਿਸ਼ਨਰ ਦੇ ਧਿਆਨ ਵਿੱਚ ਮਾਮਲਾ ਲਿਆਂਦਾ ਗਿਆ ਹੈ ਪ੍ਰੰਤੂ ਕੋਈ ਸੁਣਵਾਈ ਨਹੀਂ ਹੁੰਦੀ ਬਿਲਡਿੰਗ ਇੰਸਪੈਕਟਰ ਸਿਰਫ ਖਾਨਾ ਪੂਰਤੀ ਲਈ ਬਿਲਡਿੰਗ ਸੀਲ ਕਰਦੇ ਹਨ ਅਤੇ ਉਹ ਬਿਲਡਿੰਗ ਕੁਝ ਦਿਨ ਬਾਅਦ ਸੀਲ ਖੁੱਲ ਕੇ ਸ਼ਰੇਆਮ ਤਿਆਰ ਹੁੰਦੀ ਵੇਖੀ ਜਾ ਸਕਦੀ ਹੈ ਐਮ ਟੀ ਪੀ ਵਿਭਾਗ ਵਿੱਚ ਇਸ ਵੇਲੇ ਭ੍ਰਿਸ਼ਟਾਚਾਰ ਦਾ ਪੂਰਾ ਬੋਲਬਾਲਾ ਹੈ ਬਿੱਲੇ ਆਰੇ ਵਾਲੇ ਨੇ ਕਿਹਾ ਕਿ ਜਲਦ ਹੀ ਓਹਨਾ ਵਲੋ ਸਬੂਤਾਂ ਸਮੇਤ ਹਾਈ ਕੋਰਟ ਦਾ ਦਰਵਾਜ਼ਾ ਖੜਕਾਇਆ ਜਾਵੇਗਾ ਅਤੇ ਭ੍ਰਿਸ਼ਟ ਅਧਿਕਾਰੀਆਂ ਦੀ ਸੂਚੀ ਨਾਲ ਜਾਰੀ ਕੀਤੀ ਜਾਵੇਗੀ ।




# ਸ਼ਹੀਦੀ ਦਿਹਾੜੇ ਦੇ ਸਮਾਗਮਾਂ ਦੀ ਸੰਪੂਰਨਤਾ 6 ਜੂਨ ਨੂੰ ਹੋਵੇਗੀ—ਬਾਬਾ ਮੁਖਤਿਆਰ ਸਿੰਘ

## ਭੋਗ ਉਪਰੰਤ ਦੀਵਾਨ ਸਜਣਗੇ—ਭਾਈ ਜ਼ਸਪਾਲ ਸਿੰਘ

**ਫਿਰੋਜ਼ਪੁਰਮਨੋਹਰ ਲਾਲ**

ਸ਼ਹੀਦਾਂ ਦੇ ਸਿਰਤਾਜ, ਸ਼ਾਂਤੀ ਦੇ ਪੁੰਜ ਅਤੇ ਬਾਣੀ ਦੇ ਬੋਹਿਥ ਧੰਨ—ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਗੁਰਦੁਆਰਾ ਭਾਈ ਹਾਕਮ ਸਿੰਘ ਮਖੂ ਗੇਟ ਵਿਖੇ ਚੱਲ ਰਹੇ ਸਮਾਗਮਾਂ ਦੀ ਸੰਪੂਰਨਤਾ 6 ਜੂਨ ਦਿਨ ਸ਼ੁਕਰਵਾਰ ਨੂੰ ਹੋਵੇਗੀ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਗੁਰਦੁਆਰਾ ਭਾਈ ਹਾਕਮ ਸਿੰਘ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਾਬਾ ਮੁਖਤਿਆਰ ਸਿਘ ਅਤੇ ਸਰਪ੍ਰਸਤ ਭਾਈ ਜ਼ਸਪਾਲ ਸਿੰਘ ਨੇ ਦੱਸਿਆ ਕਿ ਪਿਛਲੀ 22 ਮਈ ਨੂੰ ਗੁਰਦੁਆਰਾ ਸਾਹਿਬ ਦੀ ਇਸਤਰੀ ਸੰਤਸੰਗ ਸਭਾ ਵੱਲੋਂ ਜੋ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠਾਂ ਦੀ ਲੜੀ ਸ਼ੁਰੂ ਕੀਤੀ ਗਈ ਸੀ, ਉਹ ਨਿਰੰਤਰ ਜਾਰੀ ਹੈ ਅਤੇ ਇਸ ਦੀ ਸੰਪੂਰਨਤਾ 6 ਜੂਨ ਦਿਨ ਸ਼ੁਕਰਵਾਰ ਨੂੰ ਸ਼ਾਮ ਤਕਰੀਬਨ ਪੰਜ ਵਜੇ ਹੋਵੇਗੀ। ਆਗੂਆਂ ਨੇ ਇਹ ਵੀ ਦੱਸਿਆ ਕਿ ਲੜੀ ਦੇ ਭੋਗ ਪਾਉਣ ਉਪਰੰਤ ਦੀਵਾਨ ਵੀ ਸਜਣਗੇ, ਜਿਸ ਵਿਚ ਗੁਰੂ ਸਾਹਿਬ ਦੀ ਜੀਵਨੀ ਬਾਰੇ ਕਥਾ ਵਿਚਾਰਾਂ ਹੋਣਗੀਆਂ ਅਤੇ ਕੀਰਤਨ ਵੀ ਹੋਵੇਗਾ। ਉਪਰੰਤ ਗੁਰੂ ਕਾ ਲੰਗਰ ਵੀ ਅਤੁੱਟ ਵਰਤੇਗਾ ਅਤੇ ਠੰਡੇ ਮਿੱਠੇ ਜਲ ਦੀ ਛਬੀਲ ਵੀ ਲਗਾਈ ਜਾਵੇਗੀ। ਇਥੇ ਇਹ ਵੀ ਦਸਣਯੋਗ ਹੈ ਕਿ ਇਹ ਗੁਰਦੁਆਰਾ ਜ਼ੋ ਬਾਬਾ ਦੀਪ ਸਿੰਘ ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਇਨ੍ਹਾਂ ਸਮਾਗਮਾਂ ਨੂੰ ਮਨਾਉਣ ਲਈ ਸੰਗਤਾਂ ਵਿਚ ਭਾਰੀ ਸ਼ਰਧਾ ਦਿਖਾਈ ਜਾ ਰਹੀ ਹੈ ਅਤੇ ਭਾਰੀ ਗਿਣਤੀ ਵਿਚ ਸੰਗਤਾਂ ਹਰ ਰੋਜ਼ ਇਸ ਚੱਲ ਰਹੀ ਲੜੀ ਵਿਚ ਹਾਜ਼ਰੀ ਲਗਵਾ ਰਹੀਆਂ ਹਨ। ਇਸ ਸਮੇਂ ਸੁਰਜੀਤ ਸਿੰਘ, ਨਿਰਮਲ ਸਿੰਘ ਦੁਲਚੀ ਕੇ, ਸੁਖਬੀਰ ਸਿੰਘ ਸੰਧੂ, ਕਿੱਕਰ ਸਿੰਘ ਸੰਧੂ, ਪਰਗਟ ਸਿੰਘ, ਅਨੂਪ ਸਿੰਘ, ਸੁਖਦੇਵ ਸਿੰਘ ਭੁੱਲਰ, ਅਜਮੇਰ ਸਿੰਘ, ਗੁਰਚਰਨ ਸਿੰਘ ਬਾਵਾ ਆਦਿ ਆਗੂ ਹਾਜ਼ਰ ਸਨ



# ਮੇਰੀ ਦਸਤਾਰ ਮੇਰੀ ਸ਼ਾਨ ਦੇ ਬੈਨਰ ਹੇਠ ਫਰੀ ਸੁੰਦਰ ਦਸਤਾਰ ਸਿਖਲਾਈ ਕੈਂਪ

## ਗੁਰੂ ਸਾਹਿਬ ਵਲੋਂ ਬਖਸ਼ਿਸ਼ ਕੀਤੀ ਦਸਤਾਰ ਦੀ ਮਹਾਨਤਾ ਨੂੰ ਜਿਹਨ ਵਿੱਚ ਪਰਬਲ ਕਰਨ ਦਾਂ ਉਪਰਾਲਾ

**ਦੋਰਾਹਾ, ਲਾਲ ਸਿੰਘ ਮਾਂਗਟ**

ਨਵੀ ਪੀੜੀ ਨੂੰ ਸਿੱਖੀ ਦੀਆ ਮਹਾਨ ਰਵਾਇਤਾਂ ਅਤੇ ਸਿੱਖ ਗੁਰੂ ਸਾਹਿਬ ਵਲੋਂ ਬਖਸ਼ਿਸ਼ ਕੀਤੀ ਦਸਤਾਰ ਦੀ ਮਹਾਨਤਾ ਨੂੰ ਜਿਹਨ ਵਿੱਚ ਪਰਬਲ ਕਰਨ ਲਈ ਇੰਟਰਨੈਸ਼ਨਲ ਦਸਤਾਰ ਕੋਚ ਸ. ਗੁਰਪ੍ਰੀਤ ਸਿੰਘ (ਮੀਤੇ ਦੀ ਹੱਟੀ ਵਾਲਿਆਂ) ਵਲੋਂ ਮਿਤੀ 1 ਜੂਨ ਤੋਂ 30 ਜੂਨ 2025 ਸ਼ਾਮ 5 ਵਜੇ ਤੋਂ 6 ਵਜੇ ਤੱਕ, ਗੁਰਦੁਆਰਾ ਕਲਗੀਧਰ ਸਾਹਿਬ, ਰੇਲਵੇ ਰੋਡ, ਦੋਰਾਹਾ ਵਿਖੇ ਦਸਤਾਰ ਸਿਖਲਾਈ ਕੈਂਪ

ਲਾਇਆ ਜਾ ਰਿਹਾ ਹੈ। ਜਿਸ ਵਿੱਚ ਦਸਤਾਰ ਸਜਾਉਣ ਵਾਲਿਆਂ ਨੂੰ ਦਸਤਾਰ ਸਜਾਉਣ ਦੇ ਗੁਰ ਦਸੇ ਜਾਣਗੇ। ਕੋਚ ਗੁਰਪ੍ਰੀਤ ਸਿੰਘ ਨੇ ਦੱਸਿਆ ਕੀ ਦਸਤਾਰ ਇੱਕ ਅਜਿਹੀ ਬਸਖਸ਼ੀਸ਼ ਹੈ ਜੋ ਹੋਰ ਕਿਸੇ ਕੌਮ ਦੇ ਰਹਿਬਰ ਨੇ ਆਪਣੇ ਅਨੁਆਇਆ ਨੂੰ ਨਹੀਂ ਬਖਸ਼ੀ। ਸਿੱਖ ਕੌਮ ਦੇ ਸਿਰ ਦੇ ਤਾਜ ਦਸਤਾਰ ਨੂੰ ਵਿਦੇਸ਼ੀ ਲੋਕ ਬੜੇ ਸਤਿਕਾਰ ਨਾਲ ਸਜ਼ਾ ਰਹੇ ਹਨ। ਸਾਡੀ ਅਜੋਕੀ ਪੀੜ੍ਹੀ ਨੂੰ ਦਸਤਾਰ ਨਾਲ ਜੋੜਨ ਲਈ ਫਰੀ ਕੈਂਪ ਦਾਂ ਉਪਰਾਲਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਕ੍ਰਿਪਾ ਵਿੱਚ ਬੱਚੇ ਆਪਣੀ ਦਸਤਾਰ, ਕੰਘਾ, ਬਾਜ, ਪੱਗ ਪਿਨ, ਪਟਕਾ, ਫਿਫਟੀ ਅਤੇ ਸ਼ੀਸਾ ਨਾਲ ਲੈ ਕੇ ਆਉਣ। ਕੈਂਪ ਦੇ ਦੌਰਾਨ ਐਤਵਾਰ ਨੂੰ 12 ਵਜੇ ਤੋ 1 ਵਜੇ ਤੱਕ ਦਸਤਾਰ ਸਿਖਲਾਈ ਦਿੱਤੀ



# 6 ਜੂਨ ਨੂੰ ਸ਼ਹੀਦੀ ਸਮਾਗਮ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਸਮੂਹ ਸੰਗਤ ਹੁੰਮ—ਹੁਮਾ ਕੇ ਪਹੁੰਚੋ—ਜਥੇਦਾਰ ਭਾਈ ਸੁਖਦੇਵ ਸਿੰਘ ਖਾਲਸਾ ਮੁੱਖ ਬੁਲਾਰਾ ਦਮਦਮੀ ਟਕਸਾਲ



**ਫਿਰੋਜ਼ਪੁਰ/ਮਨੋਹਰ ਲਾਲ**

6 ਜੂਨ ਨੂੰ ਸ਼ਹੀਦੀ ਸਮਾਗਮ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਸਮੂਹ ਸੰਗਤਾਂ ਹੁੰਮ ਹੁਮਾ ਕੇ ਪਹੁੰਚੋ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਕਰਦਿਆਂ ਜਥੇਦਾਰ ਭਾਈ ਸੁਖਦੇਵ ਸਿੰਘ ਖਾਲਸਾ ਮੁੱਖ ਬੁਲਾਰਾ ਦਮਦਮੀ ਟਕਸਾਲ ਨੇ ਕਿਹਾ ਕਿ 6 ਜੂਨ ਨੂੰ ਸ਼ਹੀਦੀ ਸਮਾਗਮ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਸਮੂਹ ਸੰਗਤਾਂ ਹੁੰਮ ਹੁਮਾ ਕੇ ਪਹੁੰਚੋ। ਇਸ ਸ਼ਹੀਦੀ ਸਮਾਗਮ ਵਿਚ ਮਹਾਂਪੁਰਖ ਗਿਆਨੀ ਹਰਨਾਮ ਸਿੰਘ ਖਾਲਸਾ ਭਿੰਡਰਾਂ ਵਾਲੇ ਮੁਖੀ ਦਮਦਮੀ ਟਕਸਾਲ ਦੀ ਸੁਚੱਜੀ ਅਗਵਾਈ ਵਿਚ 41ਵਾਂ ਸਮਾਗਮ ਕਰਵਾਇਆ ਜਾ ਰਿਹਾ ਹੈ, ਜਿਸ ਵਿਚ ਦੇਸ਼—ਵਿਦੇਸ਼ ਦੀਆਂ ਸੰਗਤਾਂ ਹੁੰਮ—ਹੁਮਾ ਕੇ ਪਹੁੰਚ ਰਹੀਆਂ ਹਨ। ਭਾਈ ਸਾਹਿਬ ਨੇ ਸਮੂਹ ਸੰਗਤਾਂ ਨੂੰ ਅਪੀਲ ਕੀਤੀ ਕਿ ਸਮੂਹ ਸੰਗਤਾਂ ਇਸ ਸ਼ਹੀਦੀ ਸਮਾਗਮ ਵਿਚ ਹੁੰਮ—ਹੁਮਾ ਕੇ ਪਹੁੰਚੋ।

# ਬੜੀ ਸ਼ਰਧਾ ਤੇ ਧੂਮ—ਧਾਮ ਨਾਲ ਕਰਵਾਇਆ ਗਿਆ ਬਾਬਾ ਖੇਤਰਪਾਲ ਜੀ ਦਾ ਜਾਗਰਣ

**ਫਿਰੋਜ਼ਪੁਰ/ਮਨੋਹਰ ਲਾਲ**

ਬੀਤੀ 14 ਮਾਰਚ 2025 ਨੂੰ ਬਜਰੰਗ ਧਾਮ ਮੰਦਿਰ ਫਿਰੋਜ਼ਪੁਰ ਸ਼ਹਿਰ ਵਿਖੇ ਬਾਬਾ ਖੇਤਰਪਾਲ ਜੀ ਦੀ ਮੂਰਤੀ ਸਥਾਪਨਾ ਕੀਤੀ ਗਈ, ਜਿਸ ਦੇ ਸੰਬੰਧ ਚ ਮੰਦਿਰ ਕਮੇਟੀ ਵਲੋਂ ਬੜੀ ਸ਼ਰਧਾ ਤੇ ਧੂਮ ਧਾਮ ਨਾਲ ਬਾਬਾ ਖੇਤਰਪਾਲ ਜੀ ਦਾ ਜਾਗਰਣ ਕਰਵਾਇਆ ਗਿਆ। ਜਾਗਰਣ ਦੀ ਆਰੰਭਤਾ ਮੰਦਿਰ ਕਮੇਟੀ ਵਲੋਂ ਪੂਜਾ ਕਰਵਾ ਕੇ ਕਰਵਾਈ ਗਈ। ਮੁੱਖ ਮਹਿਮਾਨ ਦੇ ਤੌਰ ਤੇ ਜਲਾਲਾਬਾਦ ਤੋਂ ਬਾਬਾ ਅਸ਼ੋਕ ਕੁਮਾਰ ਨੇ ਹਾਜਰੀ ਭਰੀ। ਇਸ ਜਾਗਰਣ ਵਿਚ ਦੂਰ—ਦੁਰਾਡੇ ਤੋਂ ਆ ਕੇ ਸੰਗਤਾਂ ਨਤਮਸਤਕ ਹੋਈਆਂ ਅਤੇ ਬਾਬਾ ਜੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਪੂਰੀ ਰਾਤ ਬਾਬਾ ਜੀ ਦਾ ਖੁੱਲ੍ਹਾ ਭੰਡਾਰਾ ਚੱਲਿਆ, ਜਦੋਂ ਕਿ ਅਬੋਹਰ ਤੋਂ ਟੀ ਸੀਰੀਜ ਕਲਾਕਾਰ ਗੁਰਬੰਸ ਰਾਹੀ ਕਲਾਕਾਰ ਨੇ ਸੁੰਦਰ ਸੁੰਦਰ ਬਾਬਾ ਜੀ ਦੇ ਭਜਨ ਗਾ ਕੇ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਸੁੰਦਰ ਭਜਨਾਂ ਜਰੀਏ ਸੰਗਤਾਂ ਨੂੰ ਨੱਚਣ ਲਈ ਮਜਬੂਰ ਕੀਤਾ। ਇਸ ਮੌਕੇ ਦੁਰਗਾ ਭਜਨ ਮੰਡਲੀ ਬਾਜੀਦਪੁਰ ਤੇ ਬਾਜੀਦਪੁਰ ਮੰਦਿਰ ਕਮੇਟੀ ਵਲੋਂ ਜਾਗਰਣ ਹਾਜਰੀ ਲਗਵਾ ਕੇ ਚਾਰ ਚੰਨ ਲਗਾਏ ਗਏ। ਆਏ ਹੋਏ ਮੁੱਖ ਮਹਿਮਾਨਾਂ ਵਲੋਂ ਤੇ ਸਹਿਯੋਗ ਦੇਣ ਵਾਲੀਆਂ ਸੰਗਤਾਂ ਨੂੰ ਮੰਦਿਰ ਕਮੇਟੀ ਵਲੋਂ ਸਨਮਾਨ ਚਿੰਨ੍ਹ (ਸਿਰਪਾਉ) ਦੇ ਕੇ ਸਨਮਾਨ ਕੀਤਾ ਗਿਆ। ਮੰਦਿਰ ਕਮੇਟੀ ਤੇ ਚਰਨਜੀਤ ਭਜਨ ਮੰਡਲੀ ਵੱਲੋਂ ਆਈਆਂ ਹੋਈਆਂ ਸੰਗਤਾਂ ਦਾ ਸਵਾਗਤ ਕੀਤਾ ਗਿਆ।

